ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 40 Friday December 3 to December 10, 2021 www.PUNJABIDUNIYA.com Published Weekly from New York

Thinking of Buying/Selling ?
WINZONE REALTY INC.



Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

# ਕਿਸਾਨ ਅੰਦੋਲਨ:



## ਖੇਤੀ ਕਾਨੂੰਨ ਰੱਦ ਕਰਨ ਵਾਲੇ ਕਾਗਜ਼ 'ਤੇ ਮੋਦੀ ਨੇ ਕੀ ਲਿਖਵਾਈ ਇਬਾਰਤ

ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ 29 ਨਵੰਬਰ ਨੂੰ ਸੰਸਦ ਵਿੱਚ ਇੱਕ ਬਿੱਲ ਪਾਸ ਕਰਵਾ ਕੇ ਸਤੰਬਰ 2020 ਵਿੱਚ ਪਾਸ ਕੀਤੇ 3 ਕੇਂਦਰੀ ਖੇਤੀ ਕਾਨੂੰਨ ਰੱਦ ਕਰ ਦਿੱਤੇ।

ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸਰਕਾਰ ਵਲੋਂ ਸੰਸਦ ਵਿੱਚ @@ਦਿ ਫਾਰਮ ਲਾਅਜ਼ ਰੀਪੀਲ ਬਿੱਲ 2021@@ ਲਿਆਂਦਾ ਗਿਆ ਜਿਸ ਨੂੰ ਬਿਨਾਂ ਕਿਸੇ ਬਹਿਸ ਤੋਂ ਕੁਝ ਹੀ ਮਿੰਟਾਂ ਵਿੱਚ ਪਾਸ ਕਰ ਦਿੱਤਾ ਗਿਆ।

ਵਿਰੋਧੀ ਧਿਰ ਸੰਸਦ ਵਿੱਚ ਬਹਿਸ ਦੀ ਮੰਗ ਕਰਦੀ ਰਹੀ ਪਰ ਸਰਕਾਰ ਨੇ ਜਿਵੇਂ ਆਪਣੇ ਬਹੁਮਤ ਦੇ ਸਿਰ ਉੱਤੇ ਤਿੰਨ ਖੇਤੀ ਬਿੱਲ ਪਾਸ ਕਰਵਾਏ ਸਨ, ਉਵੇਂ ਹੀ ਇਨ੍ਹਾਂ ਨੂੰ ਰੱਦ ਕਰਵਾ ਦਿੱਤਾ।

ਭਾਰਤ ਦੀਆਂ 500 ਦੇ ਕਰੀਬ ਕਿਸਾਨ ਜਥੇਬੰਦੀਆਂ ਦਾ ਸਾਂਝਾ ਸੰਗਠਨ ਸੰਯੁਕਤ ਕਿਸਾਨ ਮੋਰਚਾ ਕਰੀਬ ਸਾਲ ਭਰ ਤੋਂ ਵਿਰੋਧ ਕਰ ਰਿਹਾ ਸੀ।

ਹਜ਼ਾਰਾਂ ਕਿਸਾਨ ਕੋਰੋਨਾ ਮਹਾਮਾਰੀ ਦੀ ਪ੍ਰਵਾਹ ਨਾ ਕਰਦਿਆਂ 25-26 ਨਵੰਬਰ 2020 ਨੂੰ ਦਿੱਲੀ ਕੂਚਤਹਿਤ ਕੌਮੀ ਰਾਜਧਾਨੀ ਵੱਲ ਆਏ ਅਤੇ ਦਿੱਲੀ ਦੇ ਬਾਰਡਰਾਂ ਉੱਤੇ ਧਰਨਾ ਲਾ ਕੇ ਬੈਠ ਗਏ।

ਖੇਤੀ ਕਾਨੂੰਨ ਰੱਦ ਕਰਨ ਵਾਲਾ ਬਿੱਲ ਕੀ ਕਹਿੰਦਾ ਹੈ

ਦਿ ਫਾਰਮ ਲਾਅਜ਼ ਰੀਪੀਲ ਬਿੱਲ 2021@@ ਚਾਰ ਪੰਨਿਆਂ ਦਾ ਬਿੱਲ ਹੈ, ਜਿਸ ਨੂੰ ਸਬ-ਨੰਬਰ ਵਿੱਚ ਡਰਾਫਟ ਕੀਤਾ ਗਿਆ ਹੈ।

ਇਹ 2021 ਦਾ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ 143 ਨੰਬਰ ਬਿੱਲ ਹੈ ਜਿਸ ਨੂੰ ਫਾਰਮ ਲਾਅਜ਼ ਰੀਪੀਲ ਐਕਟ 2021 ਦਾ ਨਾਂ ਦਿੱਤਾ ਗਿਆ ਹੈ।

ਇਸ ਬਿੱਲ ਰਾਹੀਂ ਸਤੰਬਰ 2020 ਵਿੱਚ ਪਾਸ ਕੀਤੇ ਦੋ ਖੇਤੀ ਸੁਧਾਰ ਕਾਨੂੰਨ ਅਤੇ ਇੱਕ ਸੋਧ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਕਹੀ ਗਈ ਹੈ।

ਸਰਕਾਰ ਨੇ ਬਿੱਲ ਵਿੱਚ ਖੇਤੀ ਅਤੇ ਪੇਂਡੂ ਖੇਤਰ ਵਿੱਚ ਆਪਣੀਆਂ ਸਕੀਮਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ।

ਇਨ੍ਹਾਂ ਵਿੱਚ ਸਰਕਾਰ ਨੇ ਸੋਆਇਲ ਹੈਲਥ ਕਾਰਡ ਹੈਲਥ ਸਕੀਮ, ਸਿੱਧੀ ਅਦਾਇਗੀ, ਕਿਸਾਨਾਂ ਦੀ ਬਾਰਗੇਨਿੰਗ ਪਾਵਰ ਵਧਾਉਣ, ਬੀਮਾ ਯੋਜਨਾ, ਖੇਤੀ ਢਾਂਚੇ ਲਈ ਫੰਡ, ਫਸਲੀ ਕਰਜ਼ ਸਹੂਲਤ ਅਤੇ ਨੈਸ਼ਨਲ ਐਗਰੀਕਲਚਰ ਮਾਰਕੀਟ ਵਰਗੀਆਂ ਸਕੀਮਾਂ ਦਾ ਹਵਾਲੇ ਦੇਕੇ ਆਪਣੀ ਪਿੱਠ ਥਾਪੜੀ ਹੈ।

ਸਰਕਾਰ ਨੇ ਲੜੀ ਨੰਬਰ 3 ਵਿੱਚ ਲਿਖਿਆ ਹੈ, 'ਸਰਕਾਰ ਨੇ ਕਿਸਾਨਾਂ ਦੀ ਆਮਦਨ ਵਧਾਉਣ, ਤਕਨੀਕੀ ਵਿਕਾਸ ਦੇ ਲਾਭ, ਕਿਸਾਨਾਂ ਨੂੰ ਮੰਡੀ ਦੀ ਸਹੂਲਤ ਦੇਣ ਦੇ ਉਦੇਸ਼ ਨਾਲ ਤਿੰਨ ਕਾਨੂੰਨ ਲਿਆਂਦੇ ਸਨ।'

ਇਨ੍ਹਾਂ ਕਾਨੂੰਨਾਂ ਦਾ ਸਿਰਲੇਖ ਇਸ ਤਰ੍ਹਾਂ ਸਨ:

ਫਾਰਮਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਔਨ ਪ੍ਰਾਇਸ ਅਸ਼ੋਰੈਂਸ ਐਂਡ ਫਾਰਮ ਸੈਕਟਰ ਐਕਟ 2020 (2020 ਦਾ 20ਵਾਂ)

ਫਾਰਮਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫੈਸੀਲੀਟੇਸ਼ਨ) ਐਕਟ 2020 (2020 ਦਾ 21 ਵਾਂ)

ਅਸੈਂਸ਼ੀਅਲ ਕੋਮੋਡਿਟੀਜ਼ (ਸੋਧ) ਕਾਨੂੰਨ 2020 (2020 ਦਾ 22ਵਾਂ)

ਸਰਕਾਰ ਨੇ ਇਸ ਬਿੱਲ ਵਿੱਚ ਵੀ ਦਾਅਵਾ ਕੀਤਾ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਇਹ ਤਿੰਨੇ ਬਿੱਲ

ਬਾਕੀ ਸਫ਼ਾ 13 'ਤੇ

N Light
Solid like a Rock
Insurance
Tel : 516 NLIGHT 8 (516 654 4488)

# ਮੁੱਖ ਮੰਤਰੀ ਚੰਨੀ ਨੂੰ ਵਿਧਾਨ ਸਭਾ ਚੋਣਾਂ 'ਚ ਭਰਾ ਲਈ ਵੀ ਚਾਹੀਦੀ ਹੈ ਟਿਕਟ

ਲੁਧਿਆਣਾ - ਪੰਜਾਬ 'ਚ ਵਿਰਾਸਤ ਦੀ ਸਿਆਸਤ ਕਰਨ ਵਾਲੇ ਆਗੂਆਂ ਦੀ ਸੂਚੀ 'ਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਾਂ ਵੀ ਸ਼ਾਮਲ ਹੋ ਗਿਆ ਹੈ, ਜੋ ਵਿਧਾਨ ਸਭਾ ਚੋਣਾਂ 'ਚ ਖੁਦ ਇੱਕ ਵਾਰ ਫ਼ਿਰ ਚਮਕੌਰ ਸਾਹਿਬ ਸੀਟ ਤੋਂ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ ਅਤੇ ਫ਼ਿਰ ਕਿਸੇ ਹੋਰ ਸੀਟ ਤੋਂ ਭਰਾ ਲਈ ਵੀ ਸੀਟ ਚਾਹੁੰਦੇ ਹਨ। ਇਹ ਖੁਲਾਸਾ ਕਾਂਗਰਸ ਵਲੋਂ ਉਮੀਦਵਾਰਾਂ ਦੀ ਚੋਣ ਲਈ ਕਰਵਾਏ ਜਾ ਰਹੇ ਸਰਵੇ 'ਚ ਹੋਇਆ ਹੈ, ਜਿਸ 'ਚ ਬੱਸੀ ਪਠਾਣਾ ਸੀਟ 'ਤੇ ਫ਼ੀਡਬੈਕ ਲੈਣ ਲਈ ਮੁੱਖ ਮੰਤਰੀ ਚੰਨੀ ਦੇ ਭਰਾ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ, ਹਾਲਾਂਕਿ ਇਸ ਸੀਟ 'ਤੇ ਮੌਜੂਦਾ ਵਿਧਾਇਕ ਗੁਰਪ੍ਰੀਤ ਜੀ. ਪੀ. ਵੀ ਕਾਂਗਰਸ ਨਾਲ ਹੀ ਸਬੰਧਿਤ ਹਨ ਪਰ ਚੰਨੀ ਵਲੋਂ ਨਾਲ ਲੱਗਦੀ ਸੀਟ 'ਤੇ ਵੀ ਆਪਣਾ ਪ੍ਰਭਾਵ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ।



ਸਿਆਸੀ ਜਾਣਕਾਰਾਂ ਮੁਤਾਬਕ ਇਸ ਪ੍ਰਸਤਾਵ 'ਤੇ ਫ਼ੈਸਲਾ ਕਾਂਗਰਸ ਵਲੋਂ ਇੱਕ ਪਰਿਵਾਰ 'ਚ 2 ਟਿਕਟਾਂ ਦੇਣ ਲਈ ਬਣਾਏ ਜਾਣ ਵਾਲੇ ਫ਼ਾਰਮੂਲੇ 'ਤੇ ਨਿਰਭਰ ਕਰੇਗਾ। 'ਆਪ' ਤੋਂ ਆਏ ਰਾਏਕੋਟ ਦੇ ਵਿਧਾਇਕ ਜੱਗਾ ਨੂੰ ਜਗਰਾਓਂ 'ਚ ਸ਼ਿਫ਼ਟ ਕਰ ਸਕਦੀ ਹੈ ਕਾਂਗਰਸ ਜਿਵੇਂ ਕਿ ਪਹਿਲਾਂ ਹੀ ਸਾਫ਼ ਕਰ ਦਿੱਤਾ ਗਿਆ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਸ਼ਾਮਲ ਕਰਨ ਨਾਲ ਕਾਂਗਰਸ 'ਚ ਬਗਾਵਤ ਦੀ ਚਿੰਗਾਰੀ ਸੁਲਗ ਰਹੀ ਹੈ ਕਿਉਂਕਿ ਜਿਨ੍ਹਾਂ ਸੀਟਾਂ 'ਤੇ 'ਆਪ' ਦੇ ਵਿਧਾਇਕ ਜਿੱਤੇ ਹਨ, ਉਨ੍ਹਾਂ ਦੇ ਕਾਂਗਰਸ 'ਚ ਸ਼ਾਮਲ ਹੋਣ 'ਤੇ ਪਿਛਲੀਆਂ ਚੋਣਾਂ ਲੜਨ ਜਾਂ ਹਲਕਾ ਇੰਚਾਰਜ ਦੇ ਰੂਪ 'ਚ ਕੰਮ ਕਰਨ ਵਾਲੇ ਆਗੂਆਂ ਦੀ ਟਿਕਟ 'ਤੇ ਖ਼ਤਰਾ ਮੰਡਰਾਉਣ ਲੱਗਾ ਹੈ, ਜਿਸ 'ਚ ਰਾਏਕੋਟ ਦਾ ਮਾਮਲਾ ਵੀ ਸ਼ਾਮਲ ਹੈ।

ਇਥੇ 'ਆਪ' ਦੇ ਵਿਧਾਇਕ ਜਗਤਾਰ ਜੱਗਾ ਜਿੱਤੇ ਹੋਏ ਹਨ ਅਤੇ ਸੰਸਦ ਮੈਂਬਰ ਅਮਰ ਸਿੰਘ ਦਾ ਇਤਰਾਜ਼ ਹੋਣਾ ਸੁਭਾਵਿਕ ਹੈ, ਜਿਸ ਦੇ ਮੱਦੇਨਜਰ ਕਾਂਗਰਸ ਵੱਲੋਂ ਜੱਗਾ ਨੂੰ ਨਾਲ ਲੱਗਦੇ ਜਗਰਾਓਂ ਹਲਕਾ 'ਚ ਸ਼ਿਫ਼ਟ ਕਰਨ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ, ਹਾਲਾਂਕਿ ਜਗਰਾਓਂ 'ਚ ਪਿਛਲੀਆਂ ਚੋਣਾਂ ਲੜਨ ਵਾਲੇ ਮਲਕੀਤ ਦਾਖਾ ਤੋਂ ਇਲਾਵਾ ਗੇਜਾ ਰਾਮ, ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ ਦੀ ਧੀ ਵਲੋਂ ਵੀ ਕਾਂਗਰਸ ਟਿਕਟ ਲਈ ਦਾਅਵੇਦਾਰੀ ਜਤਾਈ ਜਾ ਰਹੀ ਹੈ।

# ਨਵਜੋਤ ਸਿੱਧੂ ਦਾ ਕੇਜਰੀਵਾਲ 'ਤੇ ਵੱਡਾ ਹਮਲਾ, ਕਿਹਾ ਦਿੱਲੀ 'ਚ ਇੱਕ ਵੀ ਮਹਿਲਾ ਮੰਤਰੀ ਕਿਉਂ ਨਹੀਂ



ਚੰਡੀਗੜ੍ਹ - ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਵੱਡਾ ਹਮਲਾ ਬੋਲਿਆ ਹੈ। ਸਿੱਧੂ ਨੇ ਕਿਹਾ ਹੈ ਕਿ ਸ਼ੀਸ਼ੇ ਦੇ ਘਰਾਂ 'ਚ ਰਹਿਣ ਵਾਲਿਆਂ ਨੂੰ ਦੂਜਿਆਂ ਉੱਪਰ ਪੱਥਰ ਨਹੀਂ ਸੁੱਟਣੇ ਚਾਹੀਦੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਵਾਲ ਕਰਦਿਆਂ ਸਿੱਧੂ ਨੇ ਪੁੱਛਿਆ ਕਿ ਤੁਸੀਂ ਔਰਤਾਂ ਦੇ ਸਸ਼ਕਤੀਕਰਨ, ਨੌਕਰੀਆਂ ਅਤੇ ਅਧਿਆਪਕਾਂ ਦੀ ਗੱਲ ਕਰਦੇ ਹੋ ਜਦਕਿ ਤੁਹਾਡੇ ਮੰਤਰੀ ਮੰਡਲ ਵਿੱਚ ਇੱਕ ਵੀ ਔਰਤ ਮੰਤਰੀ ਨਹੀਂ ਹੈ। ਸ਼ੀਲਾ ਦੀਕਸ਼ਤ ਵਲੋਂ ਛੱਡੇ ਵਾਧੂ ਮਾਲੀਏ ਤੋਂ ਬਿਨਾਂ ਦਿੱਲੀ ਦੀਆਂ ਕਿੰਨੀਆਂ ਔਰਤਾਂ 1000/- ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਔਰਤ ਸਸ਼ਕਤੀਕਰਨ ਦਾ ਮਤਲਬ ਚੋਣ ਪ੍ਰਕਿਰਿਆ ਦੇ ਹਰ ਪੱਧਰ ਉੱਪਰ ਔਰਤਾਂ ਦੀ ਲਾਜ਼ਮੀ ਸ਼ਮੂਲੀਅਤ ਹੋਣਾ ਹੈ, ਜਿਸ ਤਰ੍ਹਾਂ ਕਾਂਗਰਸ ਪੰਜਾਬ ਵਿੱਚ ਕਰ ਰਹੀ ਹੈ। ਅਸਲ ਲੀਡਰਸ਼ਿਪ ਔਰਤਾਂ ਨੂੰ 1000 ਰੁਪਏ ਦਾ ਲਾਲੀਪੌਪ ਦੇਣਾ ਨਹੀਂ ਸਗੋਂ ਉਨ੍ਹਾਂ ਨੂੰ ਆਤਮ-ਨਿਰਭਰ ਅਤੇ ਉੱਦਮੀ ਬਣਾਉਣ ਲਈ ਉਨ੍ਹਾਂ ਨੂੰ ਹੁਨਰਮੰਦ ਬਣਾ ਕੇ ਔਰਤਾਂ ਦਾ ਭਵਿੱਖ ਸੁਆਰਨ ਵਿੱਚ ਨਿਵੇਸ਼ ਕਰਨਾ ਹੈ। ਜੇ ਅਧਿਆਪਕਾਂ ਅਤੇ ਭਰਤੀ ਦੀ ਗੱਲ ਕਰੀਏ ਤਾਂ 2015 ਵਿੱਚ ਦਿੱਲੀ ਵਿੱਚ ਅਧਿਆਪਕਾਂ ਦੀਆਂ 12515 ਅਸਾਮੀਆਂ ਸਨ ਅਤੇ 2021 ਵਿੱਚ ਇਹ 19907 ਸਨ ਅਤੇ ਤੁਸੀਂ ਬਹੁਤੀਆਂ ਅਸਾਮੀਆਂ ਸਿਰਫ਼ ਗੈਸਟ ਲੈਕਚਰਾਰਾਂ ਨਾਲ ਹੀ ਭਰੀਆਂ ਹੋਈਆਂ ਹਨ।

ਸਿੱਧੂ ਨੇ ਕਿਹਾ ਕਿ 2015 ਦੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਤੁਸੀਂ ਦਿੱਲੀ ਵਿੱਚ 20 ਨਵੇਂ ਸਰਕਾਰੀ ਕਾਲਜ ਖੋਲ੍ਹਣ, 8 ਲੱਖ ਨਵੀਆਂ ਨੌਕਰੀਆਂ ਦੇਣ ਦਾ ਐਲਾਨ ਕੀਤਾ ਸੀ। ਨੌਕਰੀਆਂ ਅਤੇ ਕਾਲਜ ਕਿੱਥੇ ਹਨ ? ਤਹਾਡੀਆਂ ਦਿੱਤੀਆਂ ਅਸਫ਼ਲ ਗਾਰੰਟੀਆਂ ਦੇ ਉਲਟ ਪਿਛਲੇ 5 ਸਾਲਾਂ ਦੌਰਾਨ ਦਿੱਲੀ ਵਿੱਚ ਬੇਰੁਜ਼ਗਾਰੀ 5ਗੁਣਾਂ ਵਧੀ ਹੈ।



# ਸਭ ਤੋਂ ਵੱਧ ਸਮਾਂ ਪਟਿਆਲਾ ਜ਼ਿਲ੍ਹੇ ਕੋਲ ਰਹੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ





ਪਟਿਆਲਾ-ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਸਦੀ ਪੂਰੀ ਕਰ ਚੁੱਕੀ ਹੈ। ਇਸ ਦੌਰਾਨ ਹਰਜਿੰਦਰ ਸਿੰਘ ਧਾਮੀ ਨੇ 44ਵੇਂ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਸੰਸਥਾ ਦੀ ਪ੍ਰਧਾਨਗੀ ਦੇ ਵੱਕਾਰੀ ਅਹੁਦੇ 'ਤੇ ਸਭ ਤੋਂ ਵੱਧ 25 ਸਾਲਾਂ ਤੱਕ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਕਾਬਜ਼ ਰਹੇ ਹਨ ਜਦਕਿ ਗੋਪਾਲ ਸਿੰਘ ਕੌਮੀ ਅਜਿਹੇ ਸ਼ਖ਼ਸ ਰਹੇ ਹਨ, ਜੋ 17 ਜੂਨ 1933 ਤੋਂ 18 ਜੂਨ 1933 ਤਕ ਪ੍ਰਧਾਨ ਰਹੇ। ਜਥੇਦਾਰ ਟੌਹੜਾ ਪਹਿਲੀ ਵਾਰ 6 ਜਨਵਰੀ 1973 ਨੂੰ ਕਮੇਟੀ ਦੇ ਪ੍ਰਧਾਨ ਬਣੇ ਤੇ 23 ਮਾਰਚ 1986 ਤਕ ਲਗਾਤਾਰ 13 ਸਾਲ ਪ੍ਰਧਾਨ ਰਹੇ। ਉਂਝ, 6 ਜਨਵਰੀ 1973 ਤੋਂ 31 ਮਾਰਚ 2004 (ਮੌਤ ਤਕ) 31 ਸਾਲਾਂ ਦੇ ਲੰਮੇ ਅਰਸੇ ਦੌਰਾਨ, ਉਹ ਵੱਖ-ਵੱਖ ਸਮਿਆਂ 'ਚ ਤਕਰੀਬਨ 25 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ, ਜੋ ਹੁਣ ਤਕ ਦੇ ਪ੍ਰਧਾਨਾਂ ਦੇ ਕਾਰਜ ਕਾਲ ਵਿੱਚੋਂ ਸਭ ਤੋਂ ਲੰਮਾ ਸਮਾਂ ਹੈ। ਮਾਰਚ 1986 ਤੋਂ ਨਵੰਬਰ 1986 ਤਕ 7 ਮਹੀਨੇ ਭਾਵੇਂ ਕਾਬਲ ਸਿੰਘ ਵੀ ਪ੍ਰਧਾਨ ਰਹੇ, ਪਰ 30 ਨਵੰਬਰ 1986 ਨੂੰ ਸ੍ਰੀ ਟੌਹੜਾ ਮੁੜ ਪ੍ਰਧਾਨ ਚੁਣੇ ਗਏ ਤੇ 28 ਨਵੰਬਰ 1990 ਤਕ 4 ਸਾਲ ਪ੍ਰਧਾਨ ਬਣੇ ਰਹੇ। ਇਸ ਮਗਰੋਂ ਇੱਕ ਸਾਲ ਲਈ ਬਲਦੇਵ ਸਿੰਘ ਸਿਬੀਆ ਪ੍ਰਧਾਨ ਬਣੇ, ਪਰ ਨਵੰਬਰ 1991 ਤੋਂ ਅਕਤੂਬਰ 1996 ਤਕ ਲਗਾਤਾਰ 5 ਸਾਲ ਸ੍ਰੀ ਟੌਹੜਾ ਨੇ ਹੀ ਮੁੜ ਪ੍ਰਧਾਨਗੀ ਕੀਤੀ। ਦਸੰਬਰ 1996 ਤੋਂ ਮਾਰਚ 1999 ਤਕ ਸਵਾ 2 ਸਾਲ ਉਹ ਮੁੜ ਪ੍ਰਧਾਨ ਰਹੇ ਪਰ ਅਕਾਲੀ ਦਲ ਦੀ ਫ਼ੁੱਟ ਦੌਰਾਨ 1999 ਵਿੱਚ ਸ੍ਰੀ ਟੌਹੜਾ ਨੂੰ ਪ੍ਰਧਾਨਗੀ ਪਦ ਤੋਂ ਲਾਹ ਦਿੱਤਾ ਗਿਆ। ਇਸ ਦੌਰਾਨ ਹੀ ਬੀਬੀ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਪਲੇਠੀ ਮਹਿਲਾ ਪ੍ਰਧਾਨ ਬਣੀ। ਉਹ ਮਾਰਚ 1999 ਤੋਂ ਨਵੰਬਰ 2000 ਤਕ ਪ੍ਰਧਾਨ ਰਹੇ, ਜਿਸ ਮਗਰੋਂ ਨਵੰਬਰ 2001 ਤੱਕ ਜਗਦੇਵ ਸਿੰਘ ਤਲਵੰਡੀ ਨੇ ਇੱਕ ਸਾਲ ਪ੍ਰਧਾਨਗੀ ਕੀਤੀ ਤੇ ਉਨ੍ਹਾਂ ਤੋਂ ਬਾਅਦ 27 ਨਵੰਬਰ 2001 ਨੂੰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਬਣੇ। ਬਾਦਲ-ਟੌਹੜਾ ਧੜਿਆਂ ਵਿੱਚ ਸਮਝੌਤਾ ਹੋਣ ਮਗਰੋਂ ਸ੍ਰੀ ਟੌਹੜਾ ਨੂੰ ਮੁੜ ਕਮੇਟੀ ਦੀ ਪ੍ਰਧਾਨਗੀ ਸੌਂਪੀ ਗਈ ਅਤੇ ਪੰਥਕ ਏਕਤਾ ਲਈ ਤਿਆਗ ਕਰਦਿਆਂ, ਪ੍ਰੋ. ਬਡੂੰਗਰ ਨੇ 20 ਜੁਲਾਈ 2003 ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। 31 ਮਾਰਚ 2004 ਨੂੰ ਗੁਰਚਰਨ ਸਿੰਘ ਟੌਹੜਾ ਦੀ ਮੌਤ ਹੋ ਗਈ, ਇਸ ਤਰ੍ਹਾਂ ਉਹ ਆਖਰੀ ਸਾਹ ਤਕ ਕਮੇਟੀ ਦੇ ਪ੍ਰਧਾਨ ਰਹੇ। ਹਲਕਾ ਭਾਦਸੋਂ ਦੇ ਮੌਜੂਦਾ ਐੱਸ.ਜੀ.ਪੀ.ਸੀ. ਮੈਂਬਰ ਸਤਵਿੰਦਰ ਸਿੰਘ ਟੌਹੜਾ ਅਨੁਸਾਰ ਗੁਰਚਰਨ ਸਿੰਘ ਟੌਹੜਾ ਭਾਦਸੋਂ ਤੋਂ ਲਗਾਤਾਰ ਪੰਜ ਦਹਾਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ।

ਇਸ ਦੌਰਾਨ ਵੱਧ ਸਮਾਂ ਪ੍ਰਧਾਨਗੀ ਕਰਨ ਵਾਲਿਆਂ ਵਿੱਚੋਂ ਮਾਸਟਰ ਤਾਰਾ ਸਿੰਘ ਦਾ ਨਾਂ ਵੀ ਸ਼ਾਮਲ ਹੈ, ਜਿਨ੍ਹਾਂ ਤਕਰੀਬਨ 16 ਸਾਲ ਪ੍ਰਧਾਨਗੀ ਕੀਤੀ। ਅਵਤਾਰ ਸਿੰਘ ਮੱਕੜ 2005 ਤੋਂ 2016 ਤਕ (11 ਸਾਲ) ਅਤੇ ਸੰਤ ਚੰਨਣ ਸਿੰਘ 1962 ਤੋਂ 1972 ਤਕ (10 ਸਾਲ) ਪ੍ਰਧਾਨ ਰਹੇ।

ਉਂਝ, ਸ਼੍ਰੋਮਣੀ ਕਮੇਟੀ ਦੇ ਪਲੇਠੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਸਨ, ਜੋ 12 ਦਸੰਬਰ 1920 ਤੋਂ 14 ਅਗਸਤ 1921 ਤਕ ਪ੍ਰਧਾਨ ਰਹੇ ਪਰ ਕਮੇਟੀ ਦਾ ਐਕਟ ਬਣਨ ਮਗਰੋਂ ਪਲੇਠੇ ਪ੍ਰਧਾਨ ਬਾਬਾ ਖੜਕ ਸਿੰਘ ਬਣੇ, ਜੋ 2 ਅਕਤੂਬਰ 1926 ਤੋਂ 12 ਅਕਤੂਬਰ 1930 ਤਕ ਪ੍ਰਧਾਨ ਰਹੇ।

# ਭਾਜਪਾ ਤੇ ਢੀਂਡਸਾ ਧੜੇ ਨਾਲ ਮਿਲ ਕੇ ਪੰਜਾਬ 'ਚ ਸਰਕਾਰ ਬਣਾਵਾਂਗੇ - ਕੈਪਟਨ



ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਚੋਣਾਂ ਨਜ਼ਦੀਕ ਆਉਂਦਿਆਂ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਕੈਪਟਨ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਚੰਡੀਗੜ੍ਹ ਵਿਖੇ ਅਚਨਚੇਤ ਮੁਲਾਕਾਤ ਕੀਤੀ। ਇਸ ਮਿਲਣੀ ਉਪਰੰਤ ਕੈਪਟਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿੱਚ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਖ ਹੋ ਚੁੱਕੇ ਧੜੇ (ਸੁਖਦੇਵ ਸਿੰਘ ਢੀਂਡਸਾ) ਨਾਲ ਮਿਲ ਕੇ ਸੂਬੇ ਵਿੱਚ ਅਗਲੀ ਸਰਕਾਰ ਬਣਾਏਗੀ। ਅਮਰਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਲਈ ਉਹ ਅਗਲੇ ਦਿਨੀਂ ਦਿੱਲੀ ਜਾਣਗੇ, ਜਿੱਥੇ ਟਿਕਟਾਂ ਦੀ ਵੰਡ ਸਬੰਧੀ ਗੱਲਬਾਤ ਹੋਵੇਗੀ।

ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਆਪਣੀ ਮੁਲਾਕਾਤ ਨੂੰ ਸ਼ਿਸ਼ਟਾਚਾਰ ਵਜੋਂ ਕੀਤੀ ਮੁਲਾਕਾਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਉਹ ਲੰਮੇ ਸਮੇਂ ਤੋਂ ਸ੍ਰੀ ਖੱਟਰ ਨਾਲ ਮੁਲਾਕਾਤ ਲਈ ਸਮਾਂ ਮੰਗ ਰਹੇ ਸਨ ਤੇ ਉਸੇ ਤਹਿਤ ਚਾਹ ਪੀਣ ਲਈ ਆਏ ਹਨ। ਕੈਪਟਨ ਨੇ ਕਿਹਾ ਕਿ 'ਪੰਜਾਬ ਲੋਕ ਕਾਂਗਰਸ' ਵਿੱਚ ਅਗਲੇ ਦਿਨਾਂ ਵਿੱਚ ਕਈ ਵੱਡੇ ਚਿਹਰੇ ਸ਼ਾਮਲ ਹੋਣਗੇ, ਜਿਸ ਬਾਰੇ ਖ਼ੁਲਾਸਾ ਸਮਾਂ ਆਉਣ 'ਤੇ ਕੀਤਾ ਜਾਵੇਗਾ। ਮੌਜੂਦਾ ਸਮੇਂ ਪੰਜਾਬ ਲੋਕ ਕਾਂਗਰਸ ਨਾਲ ਵੱਡੀ ਗਿਣਤੀ ਲੋਕ ਜੁੜ ਰਹੇ ਹਨ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਹੋਰਨਾਂ ਸਿਆਸੀ ਪਾਰਟੀਆਂ ਨਾਲ ਮਿਲ ਕੇ ਸਰਕਾਰ ਬਣਾਏਗੀ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਮੰਨਦੇ ਹੋਏ ਤਿੰਨੋਂ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਜਿਨ੍ਹਾਂ ਨੂੰ ਰੱਦ ਕਰਨ ਬਾਰੇ ਸੰਸਦ ਨੇ ਵੀ ਬਿੱਲ ਪਾਸ ਕਰ ਦਿੱਤਾ ਹੈ। ਇਸ ਤੋਂ ਇਲਾਵਾ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਕਈ ਹੋਰ ਮੰਗਾਂ ਮੰਨ ਲਈਆਂ ਹਨ, ਲਿਹਾਜ਼ਾ ਹੁਣ ਹੋਰ ਕੋਈ ਮੁੱਦਾ ਨਹੀਂ ਰਿਹਾ ਹੈ। ਸੰਸਦ ਵਲੋਂ ਖੇਤੀ ਕਾਨੂੰਨ ਰੱਦ ਕੀਤੇ ਜਾਣ ਮਗਰੋਂ ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕੀਤੀ ਹੈ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ 'ਤੇ ਐਡਵੋਕੇਟ ਧਾਮੀ ਤੇ ਪੂਰੀ ਟੀਮ ਨੂੰ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਦਿੱਤੀ ਵਧਾਈ




ਅੰਮ੍ਰਿਤਸਰ - ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਉਸ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ। ਪ੍ਰੋ: ਸਰਚਾਂਦ ਸਿੰਘ ਵੱਲੋਂ ਜਾਰੀ ਬਿਆਨ 'ਚ ਸੰਤ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਐਡਵੋਕੇਟ ਧਾਮੀ ਇੱਕ ਸੁਲਝੇ ਹੋਏ ਇਨਸਾਨ ਹਨ ਅਤੇ ਸ਼੍ਰੋਮਣੀ ਕਮੇਟੀ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ 'ਚ ਸਫ਼ਲਤਾ ਹਾਸਲ ਕਰੇਗੀ। ਉਨ੍ਹਾਂ ਸੀਨੀਅਰ ਮੀਤ ਪ੍ਰਧਾਨ ਰਘੂ ਜੀਤ ਸਿੰਘ ਵਿਰਕ, ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਅਤੇ ਐਗਜ਼ੈਕਟਿਵ ਕਮੇਟੀ ਮੈਂਬਰਾਂ ਨੂੰ ਵੀ ਵਧਾਈ ਦਿੱਤੀ ਅਤੇ ਉਨ੍ਹਾਂ ਤੋਂ ਪੰਥ ਵੱਲੋਂ ਸੌਂਪੀ ਗਈ ਵੱਡੀ ਜ਼ਿੰਮੇਵਾਰੀ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਆਸ ਕੀਤੀ ਹੈ।

# ਬੇਅਦਬੀ ਦੇ ਦੋਸ਼ਾਂ ਨੂੰ ਲੈ ਕੇ ਬੋਲੇ ਡੇਰਾ ਪ੍ਰੇਮੀ, ਕਿਹਾ -ਮਹਿੰਦਰਪਾਲ ਬਿੱਟੂ ਦੀ ਡਾਇਰੀ ਨੇ ਕੀਤਾ ਸਭ ਸਾਫ਼



ਫ਼ਰੀਦਕੋਟ - ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ-ਤਿਉਂ ਹਰ ਸਿਆਸੀ ਪਾਰਟੀ ਅਤੇ ਧਾਰਮਿਕ ਜਥੇਬੰਦੀਆਂ ਨੇ ਹਲਚਲ ਸ਼ੁਰੂ ਕਰ ਦਿੱਤੀ ਹੈ। ਡੇਰਾ ਪ੍ਰੇਮੀਆਂ ਦੀ ਮਾਲਵਾ ਖੇਤਰ 'ਚ ਵੱਡੀ ਗਿਣਤੀ ਹੈ ਅਤੇ ਸਿਆਸੀ ਤੌਰ 'ਤੇ ਵੀ ਉਨ੍ਹਾਂ ਦਾ ਵੱਡਾ ਵੋਟ ਬੈਂਕ ਹੈ, ਇਸ ਲਈ ਹਰ ਪਾਰਟੀ ਉਨ੍ਹਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦੀ ਹੈ। ਚੋਣਾਂ ਨੇੜੇ ਆਉਂਦਿਆਂ ਹੀ ਡੇਰਾ ਪ੍ਰੇਮੀਆਂ 'ਚ ਵੀ ਇੱਕ ਵਾਰ ਫ਼ਿਰ ਜੋਸ਼ ਭਰ ਗਿਆ ਹੈ ਅਤੇ ਵੱਖ-ਵੱਖ ਥਾਵਾਂ 'ਤੇ ਭੀੜਾਂ ਇਕੱਠੀਆਂ ਹੋ ਰਹੀਆਂ ਹਨ। ਤਾਜ਼ਾ ਜਾਣਕਾਰੀ ਅਨੁਸਾਰ ਫ਼ਰੀਦਕੋਟ ਦੇ ਸਾਦਿਕ 'ਚ ਡੇਰੇ ਦੇ ਪਹਿਲੇ ਮੁਖੀ ਸ਼ਾਹ ਮਸਤਾਨਾ ਜੀ ਦੇ ਜਨਮ ਦਿਹਾੜੇ ਮੌਕੇ ਪ੍ਰੋਗਰਾਮ ਕਰਵਾਇਆ ਗਿਆ ਜਿਸ 'ਚ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਡੇਰੇ ਦੇ ਕਮੇਟੀ ਮੈਂਬਰ ਬਸੰਤ ਸਿੰਘ ਨੇ ਦੱਸਿਆ ਕਿ ਪਹਿਲੇ ਡੇਰਾ ਮੁੱਖੀ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ ਹੈ ਅਤੇ ਇਸ 'ਚ ਭਲਾਈ ਦੇ ਕੰਮ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮਹਿੰਦਰਪਾਲ ਬਿੱਟੂ ਦੀ ਡਾਇਰੀ ਤੋਂ ਸਾਫ਼ ਹੋ ਗਿਆ ਹੈ ਕਿ ਬੇਅਦਬੀ ਦੇ ਮਾਮਲੇ 'ਚ ਡੇਰਾ ਪ੍ਰੇਮੀਆਂ ਦਾ ਕੋਈ ਕਸੂਰ ਨਹੀਂ ਸੀ, ਅਤੇ ਉਹ ਹਰ ਧਰਮ ਦਾ ਸਤਿਕਾਰ ਕਰਦੇ ਹਨ ਅਤੇ ਬੇਅਦਬੀ ਬਾਰੇ ਸੋਚ ਵੀ ਨਹੀਂ ਸਕਦੇ। ਜਦੋਂ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਭੀੜ ਇਕੱਠੀ ਕਰਨ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਚੋਣਾਂ 'ਚ ਸਾਰਿਆਂ ਨੂੰ ਬਰਾਬਰ ਦਾ ਅਧਿਕਾਰ ਹੈ ਅਤੇ ਉਹ ਵੀ ਇਸ ਦੇਸ਼ ਦੇ ਵਾਸੀ ਹਨ, ਇਸ ਲਈ ਉਹ ਵੀ ਇਸ ਬਾਰੇ ਜ਼ਰੂਰ ਸੋਚਦੇ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ਾਂ ਨਾਲ ਸੰਗਤ 'ਚ ਰੋਸ ਹੈ ਅਤੇ ਹੁਣ ਮਹਿੰਦਰਪਾਲ ਬਿੱਟੂ ਦੀ ਡਾਇਰੀ ਤੋਂ ਸਪੱਸ਼ਟ ਹੋ ਗਿਆ ਹੈ ਕਿ ਇਹ ਸਭ ਕੁੱਝ ਸਾਜ਼ਿਸ਼ ਤਹਿਤ ਹੋਇਆ ਸੀ, ਅਤੇ ਉਨ੍ਹਾਂ ਨੂੰ ਕਾਨੂੰਨ 'ਤੇ ਪੂਰਾ ਭਰੋਸਾ ਹੈ ਅਤੇ ਉਨ੍ਹਾਂ ਨੂੰ ਨਿਆਂ ਜ਼ਰੂਰ ਮਿਲੇਗਾ।

# ਗੁਰਦੁਆਰਾ ਬੰਗਲਾ ਸਾਹਿਬ ਦੀ ਆਧੁਨਿਕ ਰਸੋਈ ’ਚ ਹੁਣ ਇੱਕ ਘੰਟੇ ’ਚ ਬਣਦੈ ਤਿੰਨ ਲੱਖ ਸੰਗਤਾਂ ਲਈ ਲੰਗਰ







ਨਵੀਂ ਦਿੱਲੀ - ਆਪਣੀ ਨਿਸ਼ਕਾਮ ਸੇਵਾ ਲਈ ਦੁਨੀਆਂ ਭਰ ’ਚ ਪ੍ਰਸਿੱਧ ਦਿੱਲੀ ਦਾ ਗੁਰਦੁਆਰਾ ਬੰਗਲਾ ਸਾਹਿਬ ਇਨ੍ਹੀਂ ਦਿਨੀਂ ਆਪਣੇ ਲੰਗਰ ਬਣਾਉਣ ਦੇ ਤਰੀਕੇ ਨੂੰ ਲੈ ਕੇ ਪ੍ਰਸ਼ੰਸਾ ਬਟੋਰ ਰਿਹਾ ਹੈ। ਗੁਰਦੁਆਰਾ ਸਾਹਿਬ ਨੂੰ ਮਿਲ ਰਹੀ ਇਸ ਪ੍ਰਸ਼ੰਸਾ ਦੀ ਵਜ੍ਹਾ ਉਸ ਦੀ ਆਧੁਨਿਕ ਰਸੋਈ ਹੈ ਜਿੱਥੇ 2 ਤੋਂ 3 ਲੱਖ ਸੰਗਤ ਲਈ ਲੰਗਰ ਇੱਕ ਘੰਟੇ ’ਚ ਤਿਆਰ ਹੁੰਦਾ ਹੈ ਜਦਕਿ ਪਹਿਲਾਂ ਇਸ ’ਚ 3 ਤੋਂ 4 ਘੰਟੇ ਲੱਗਦੇ ਸਨ। ਗੁਰਦੁਆਰਾ ਬੰਗਲਾ ਸਾਹਿਬ ਦੇ ਲੰਗਰ ਪ੍ਰਬੰਧਕ ਹਰਪੇਜ ਸਿੰਘ ਗਿੱਲ ਨੇ ਦੱਸਿਆ ਕਿ ਬੰਗਲਾ ਸਾਹਿਬ ਦੀ ਰਸੋਈ ’ਚ ਲੰਗਰ ਬਣਾਉਣ ਲਈ ਆਧੁਨਿਕ ਮਸ਼ੀਨਾਂ ਲਾਈਆਂ ਗਈਆਂ ਹਨ ਜੋ ਵਿਦੇਸ਼ਾਂ ਤੋਂ ਲਿਆਂਦੀਆਂ ਗਈਆਂ ਹਨ। ਦਾਲ ਅਤੇ ਸਬਜ਼ੀ ਬਣਾਉਣ ਲਈ ਤਿੰਨ ਫ਼ਰਾਇਰ ਅਤੇ ਪੰਜ ਆਧੁਨਿਕ ਕੁੱਕਰ ਇੱਥੇ ਲਿਆਂਦੇ ਗਏ ਹਨ। ਰੋਟੀਆਂ ਪਕਾਉਣ ਵਾਲੀ ਵੀ ਇੱਕ ਮਸ਼ੀਨ ਲਾਈ ਗਈ ਹੈ।

45 ਮਿੰਟ ’ਚ 400 ਲੀਟਰ ਦਾਲ ਹੁੰਦੀ ਹੈ ਤਿਆਰ- ਇੱਕ ਕੁੱਕਰ ’ਚ ਇੱਕ ਵਾਰ ’ਚ 60 ਕਿਲੋਗ੍ਰਾਮ ਕੱਚੀ ਦਾਲ ਪਕਾਈ ਜਾਂਦੀ ਹੈ ਅਤੇ 45 ਮਿੰਟ ’ਚ 400 ਲੀਟਰ ਦਾਲ ਤਿਆਰ ਹੋ ਜਾਂਦੀ ਹੈ। ਫ਼ਰਾਇਰ ’ਚ ਸੁੱਕੀ ਸਬਜ਼ੀ ਬਣਾਈ ਜਾਂਦੀ ਹੈ ਅਤੇ ਇਸ ’ਚ ਇੱਕ ਘੰਟੇ ’ਚ 300 ਕਿਲੋਗ੍ਰਾਮ ਸਬਜ਼ੀ ਅਤੇ ਖੀਰ ਤਿਆਰ ਹੁੰਦੀ ਹੈ। ਹਰਪੇਜ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਕੋਰੋਨਾ ਕਾਲ ’ਚ ਗੁਰਦੁਆਰਾ ਸਾਹਿਬ ’ਚ ਸੇਵਾਦਾਰਾਂ ਦੀ ਘਾਟ ਹੋ ਗਈ ਸੀ। ਕੋਰੋਨਾਵਾਇਰਸ ਦੇ ਡਰ ਨਾਲ ਬਹੁਤ ਘੱਟ ਲੋਕ ਸੇਵਾ ਕਰਨ ਆਉਂਦੇ ਸਨ। ਅਜਿਹੇ ’ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਸੋਈ ਨੂੰ ਆਧੁਨਿਕ ਬਣਾਉਣ ’ਤੇ ਵਿਚਾਰ ਕੀਤਾ ਅਤੇ 31 ਦਸੰਬਰ 2020 ਨੂੰ ਆਧੁਨਿਕ ਰਸੋਈ ਬਣ ਕੇ ਤਿਆਰ ਹੋਈ।

ਹੁਣ ਜ਼ਿਆਦਾ ਸੇਵਾਦਾਰਾਂ ਦੀ ਨਹੀਂ ਪੈਂਦੀ ਲੋੜ- ਹਰਪੇਜ ਨੇ ਦੱਸਿਆ ਕਿ ਰਸੋਈ ’ਚ ਲੱਗੀਆਂ ਆਧੁਨਿਕ ਮਸ਼ੀਨਾਂ ਨਾਲ ਨਾ ਸਿਰਫ਼ ਸਮੇਂ ਦੀ ਬੱਚਤ ਹੁੰਦੀ ਹੈ ਸਗੋਂ ਜ਼ਿਆਦਾ ਸੇਵਾਦਾਰਾਂ ਦੀ ਵੀ ਲੋੜ ਨਹੀਂ ਪੈਂਦੀ। ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਕਿਹਾ, “ਲੋਕ ਗੁਰੂ ਘਰ ’ਚ ਆਸਥਾ ਨਾਲ ਆਉਂਦੇ ਹਨ ਅਤੇ ਉਮੀਦ ਹੈ ਕਿ ਉਨ੍ਹਾਂ ਨੂੰ ਇੱਥੇ ਲੰਗਰ ਮਿਲੇਗਾ। ਕੋਰੋਨਾ ਕਾਲ ਦੌਰਾਨ ਜਦੋਂ ਲੋਕਾਂ ਤਕ ਲੰਗਰ ਪਹੁੰਚਾਇਆ ਜਾ ਰਿਹਾ ਸੀ ਤਾਂ ਸਾਨੂੰ ਲੱਗਾ ਕਿ ਘੱਟ ਸਮੇਂ ’ਚ ਵੱਧ ਲੰਗਰ ਬਣਾਉਣਾ ਚਾਹੀਦਾ ਹੈ, ਇਸ ਲਈ ਅਸੀਂ ਗੁਰਦੁਆਰਾ ਬੰਗਲਾ ਸਾਹਿਬ ਦੀ ਰਸੋਈ ਨੂੰ ਆਧੁਨਿਕ ਕਰਨ ਦਾ ਮਨ ਬਣਾਇਆ। ਲਗਭਗ ਛੇ ਮਹੀਨਿਆਂ ਤੋਂ ਲੰਗਰ ਹਾਲ ਸਮੇਤ ਰਸੋਈ ਨੂੰ ਆਧੁਨਿਕ ਮਸ਼ੀਨਾਂ ਨਾਲ ਲੈਸ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਿਤਾ ਤੋਂ ਵਪਾਰ ਲਈ ਮਿਲੇ 20 ਰੁਪਏ ਨਾਲ ਸਾਧੂ-ਸੰਤਾਂ ਨੂੰ ਭੋਜਨ ਕਰਾਇਆ ਸੀ। ਲੰਗਰ ਦੀ ਪ੍ਰਥਾ ਓਦੋਂ ਤੋਂ ਚੱਲਦੀ ਆ ਰਹੀ ਹੈ। ਇਸ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਲੰਗਰ ਦੀ ਵਿਵਸਥਾ ਨੂੰ ਅੱਜ ਦੇ ਸਮੇਂ ਦੇ ਹਿਸਾਬ ਨਾਲ ਬਿਹਤਰ ਕਰਨ ਦੀ ਕੋਸ਼ਿਸ਼ ਕੀਤੀ ਹੈ।”

ਮਸ਼ੀਨ ਨਾਲ ਤਿਆਰ ਹੁੰਦੀਆਂ ਹਨ ਰੋਟੀਆਂ

ਗੁਰਦੁਆਰਾ ਸਾਹਿਬ ’ਚ ਰੋਟੀ ਬਣਾਉਣ ਲਈ ਵੀ ਇੱਕ ਮਸ਼ੀਨ ਲੱਗੀ ਹੋਈ ਹੈ। ਇਸ ’ਚ ਇੱਕ ਘੰਟੇ ’ਚ ਚਾਰ ਹਜ਼ਾਰ ਰੋਟੀਆਂ ਬਣਦੀਆਂ ਹਨ। ਇਹ ਪੂਰੀ ਤਰ੍ਹਾਂ ਮਨੁੱਖ ਰਹਿਤ ਹੈ, ਅਤੇ ਇਸ ’ਚ ਸਿਰਫ਼ ਗੁੰਨਿਆ ਹੋਇਆ ਆਟਾ ਪਾਇਆ ਜਾਂਦਾ ਹੈ। ਮਸ਼ੀਨ ’ਚ ਪੇੜੇ ਖ਼ੁਦ ਬਣਦੇ ਹਨ, ਅਤੇ ਬਾਅਦ ’ਚ ਉਨ੍ਹਾਂ ਪੇੜਿਆਂ ਨੂੰ ਰੋਟੀ ਦਾ ਆਕਾਰ ਮਿਲਦਾ ਹੈ। ਫ਼ਿਰ ਦੋ ਪੱਧਰ ’ਤੇ ਸੇਕ ਲੱਗਣ ਮਗਰੋਂ ਰੋਟੀ ਬਣ ਕੇ ਨਿਕਲਦੀ ਹੈ। ਹਰਪੇਜ ਨੇ ਦੱਸਿਆ ਕਿ 50 ਕਿੱਲੋ ਆਟਾ ਸਿਰਫ਼ 10 ਮਿੰਟਾਂ ’ਚ ਗੁੰਨ੍ਹਿਆ ਜਾਂਦਾ ਹੈ। ਇਹ ਮਸ਼ੀਨ ਕਾਫ਼ੀ ਫ਼ਾਇਦੇਮੰਦ ਹੈ ਕਿਉਂਕਿ ਪਹਿਲਾਂ ਇੰਨੀ ਮਾਤਰਾ ’ਚ ਆਟਾ ਗੁੰਨ੍ਹਣ ਲਈ ਇੱਕ ਘੰਟੇ ਤੋਂ ਵੱਧ ਸਮਾਂ ਲੱਗਦਾ ਸੀ।ਹਰਪੇਜ ਨੇ ਦੱਸਿਆ ਕਿ ਲੰਗਰ 24 ਘੰਟੇ ਚੱਲਦਾ ਹੈ। ਤਿੰਨ ਟੀਮਾਂ ਪੂਰਾ ਦਿਨ ਸੇਵਾ ਕਰਦੀਆਂ ਹਨ। ਪਹਿਲੀ ਟੀਮ ਸਵੇਰੇ 6 ਤੋਂ ਦੁਪਹਿਰ 2 ਵਜੇ ਤਕ, ਦੂਜੀ ਦੁਪਹਿਰ 2 ਤੋਂ ਰਾਤ 10 ਵਜੇ ਅਤੇ ਤੀਜੀ ਟੀਮ ਰਾਤ 10 ਤੋਂ ਸਵੇਰੇ 6 ਵਜੇ ਤਕ ਸੇਵਾ ਕਰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਹਮੇਸ਼ਾ ਤਾਜ਼ਾ ਲੰਗਰ ਪੱਕਦਾ ਹੈ। ਲੰਗਰ ਹਾਲ ’ਚ ਇੱਕ ਸਮੇਂ ’ਚ 800 ਲੋਕ ਇਕੱਠੇ ਲੰਗਰ ਛੱਕ ਸਕਦੇ ਹਨ।

## ਤ੍ਰਿਪਤ ਬਾਜਵਾ ਨੇ ਅਸ਼ਵਨੀ ਸੇਖੜੀ ਨੂੰ ਕੀਤਾ ਚੈਲੰਜ



ਗੁਰਦਾਸਪੁਰ - ਪੰਜਾਬ ਕਾਂਗਰਸ ’ਚ ਪੈਦਾ ਹੋਇਆ ਕਲੇਸ਼ ਘੱਟਣ ਦਾ ਨਹੀਂ ਲੈ ਰਿਹਾ। ਹੁਣ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਆਪਣੀ ਹੀ ਪਾਰਟੀ ਦੇ ਪੰਜਾਬ ਦੇ ਚੇਅਰਮੈਨ ਅਸ਼ਵਨੀ ਸੇਖੜੀ ਨੂੰ ਸਬੂਤ ਪੇਸ਼ ਕਰਨ ਦਾ ਚੈਲੰਜ ਕੀਤਾ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਾਜਵਾ ਨੇ ਕਿਹਾ ਕਿ ਅਸ਼ਵਨੀ ਸੇਖੜੀ ਮੇਰੇ ’ਤੇ ਕੋਈ ਵੀ ਇਲਜ਼ਾਮ ਲਗਾਉਣ ਪਰ ਉਸ ਦਾ ਸਬੂਤ ਦੇਣ। ਗੱਲਾਂ ਕਰਨ ਨਾਲ ਦੋਸ਼ ਸਾਬਤ ਨਹੀਂ ਹੋਣੇ। ਬਾਜਵਾ ਨੇ ਕਿਹਾ ਕਿ ਮੇਰੇ ’ਤੇ ਕੋਈ ਵੀ ਜਾਂਚ ਕਰਵਾ ਲੈਣ ਪਰ ਪਹਿਲਾਂ ਸਬੂਤ ਦੇਣ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਟਾਲਾ ਨੂੰ ਜ਼ਿਲ੍ਹਾ ਬਣਾਉਣ ਲਈ ਮੁੱਖ ਮੰਤਰੀ ਪੰਜਾਬ ਨੂੰ ਲਗਾਤਾਰ ਅਪੀਲ ਕੀਤੀ ਜਾ ਰਹੀ ਹੈ ਅਤੇ ਉਹ ਅੱਗੇ ਵੀ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ ’ਚ ਹੈ ਅਤੇ ਜਲਦੀ ਹੀ ਇਸ ਬਾਬਤ ਕੋਈ ਫ਼ੈਸਲਾ ਲਿਆ ਜਾਵੇਗਾ।

ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਇੱਥੇ ਵਿਕਾਸ ਕਰਜਾਂ ਦਾ ਜਾਇਜ਼ ਲੈਣ ਪਹੁੰਚੇ ਹੋਏ ਸਨ, ਇਸ ਦੌਰਾਨ ਉਨ੍ਹਾਂ ਬਟਾਲਾ ਦੀ ਗਊਸ਼ਾਲਾ ਲਈ 20 ਰੁਪਏ ਦਾ ਫ਼ੰਡ ਵੀ ਦਿਤਾ। ਜਦੋਂ ਪੱਤਰਕਾਰਾਂ ਨੇ ਉਨ੍ਹਾਂ ਪਾਸੋਂ ਅਸ਼ਵਨੀ ਸੇਖੜੀ ਵਲੋਂ ਲਗਾਏ ਜਾ ਰਹੇ ਦੋਸ਼ਾਂ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ, “ਸਿਰਫ਼ ਗੱਲਾਂ ਕਰਨ ਨਾਲ ਦੋਸ਼ ਸਾਬਿਤ ਨਹੀਂ ਹੁੰਦੇ। ਇਸ ਲਈ ਉਹ ਸਬੂਤ ਪੇਸ਼ ਕਰਨ। ਮੇਰੇ ਖ਼ਿਲਾਫ਼ ਭਾਵੇਂ ਸੁਪਰੀਮ ਕੋਰਟ, ਹਾਈਕੋਰਟ ਦੀ ਸੀਟਿੰਗ ਜੱਜ ਜਾਂਚ ਕਰਨ ਲਵੇ ਮੈਨੂੰ ਕੋਈ ਫ਼ਰਕ ਨਹੀਂ।”ਸੇਖੜੀ ਕਹਿੰਦੇ ਹਨ ਕਿ ਮੇਰੇ ਪੁੱਤਰ ਕੋਲ 70 ਟਰੱਕ ਹਨ ਪਰ ਜੇਕਰ ਸੱਚੀ ਪਮਾਤਮਾ ਉਸ ਨੂੰ ਇੰਨੇ ਟਰੱਕ ਦੇ ਦੇਵੇ ਤਾਂ ਉਹ ਸੇਖੜੀ ਦੇ ਰਿਣੀ ਹੋਣਗੇ।

## ਕਾਂਗਰਸ ’ਚ ਤੇਜ਼ ਹੋਈ ਬਗਾਵਤ, ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਪਰਨੀਤ ਕੌਰ ਦਾ ਵੱਡਾ ਧਮਾਕਾ



ਚੰਡੀਗੜ੍ਹ - ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਨੇ ਵੀ ਕਾਂਗਰਸ ਨੂੰ ਬਾਗੀ ਤੇਵਰ ਵਿਖਾ ਦਿੱਤੇ ਹਨ।ਹਾਈਕਮਾਨ ਦੀ ਘੁਰਕੀ ਦੇ ਬਾਵਜੂਦ ਸਾਂਸਦ ਪਰਨੀਤ ਕੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ‘ਕੈਪਟਨ ਫ਼ਾਰ 2022’ ਦੀ ਪ੍ਰੋਫ਼ਾਈਲ ਤਸਵੀਰ ਲਗਾ ਦਿੱਤੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਨੂੰ ਕਾਂਗਰਸ ਨੋਟਿਸ ਵੀ ਜਾਰੀ ਚੁੱਕੀ ਹੈ, ਹਾਲਾਂਕਿ ਅਜੇ ਤਕ ਉਨ੍ਹਾਂ ਨੇ ਕਾਂਗਰਸ ਨਹੀਂ ਛੱਡੀ ਹੈ ਪਰ ਉਨ੍ਹਾਂ ਨੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿੱਚ ਖੁੱਲ੍ਹੇ ਤੌਰ ’ਤੇ ਨਿੱਤਰ ਕੇ ਕਾਂਗਰਸ ਦੀ ਚਿੰਤਾ ਜ਼ਰੂਰ ਵਧਾ ਦਿੱਤੀ ਹੈ।

ਪਰਨੀਤ ਕੌਰ ਵਲੋਂ ਲਗਾਈ ਗਈ ਇਸ ਤਸਵੀਰ ਨੇ ਜਿੱਥੇ ਸਿਆਸੀ ਗਲਿਆਰਿਆਂ ਵਿੱਚ ਖਲਬਲੀ ਮਚਾ ਦਿੱਤੀ ਹੈ, ਉੱਥੇ ਹੀ ਸਾਫ਼ ਕਰ ਦਿੱਤਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਉਹ ਕਾਂਗਰਸ ਛੱਡ ਚੁੱਕੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਹੀ ਹੋਣਗੇ ਅਤੇ ਕੈਪਟਨ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਵਲੋਂ ਚੋਣ ਪ੍ਰਚਾਰ ਕਰਨਗੇ। ਕੈਪਟਨ ਇਸ ਪਾਰਟੀ ਰਾਹੀਂ ਭਾਜਪਾ ਨਾਲ ਸੀਟਾਂ ਦੀ ਵੰਡ ਕਰਕੇ ਵਿਧਾਨ ਸਭਾ ਚੋਣਾਂ ਲੜ ਸਕਦੇ ਹਨ।

ਕਾਂਗਰਸ ਇੰਚਾਰਜ ਹਰੀਸ਼ ਚੌਧਰੀ ਨੇ ਜਾਰੀ ਕੀਤਾ ਸੀ ਨੋਟਿਸ - ਪੰਜਾਬ ਕਾਂਗਰਸ ਇੰਚਾਰਜ ਹਰੀਸ਼ ਚੌਧਰੀ ਨੇ ਪਰਨੀਤ ਕੌਰ ਨੂੰ ਸ਼ੋ-ਕਾਜ ਨੋਟਿਸ ਜਾਰੀ ਕੀਤਾ ਸੀ। ਉਨ੍ਹਾਂ ਨੂੰ ਪੁੱਛਿਆ ਸੀ ਕਿ ਪਰਨੀਤ ਕੌਰ ਸਪੱਸ਼ਟ ਕਰਨ ਕਿ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਹਨ ਜਾਂ ਫ਼ਿਰ ਕਾਂਗਰਸ ਨਾਲ। ਪਰਨੀਤ ਕੌਰ ਵਲੋਂ ਇਸ ਦਾ ਜਵਾਬ ਦਿੱਤਾ ਗਿਆ ਕਿ ਨਹੀਂ ਫ਼ਿਲਹਾਲ ਇਸ ਦੀ ਕੋਈ ਜਾਣਕਾਰੀ ਨਹੀਂ ਹੈ ਪਰ ਇਹ ਨੋਟਿਸ ਉਦੋਂ ਭੇਜਿਆ ਗਿਆ ਸੀ ਜਦੋਂ ਪਰਨੀਤ ਕੌਰ ਕੈਪਟਨ ਅਤੇ ਪਟਿਆਲਾ ਦੇ ਸਮਰੱਥਕ ਕੌਂਸਲਰਾਂ ਨਾਲ ਨਜ਼ਰ ਆਏ ਸਨ।

Nlight
Solid like a Rock

# Looking to Buy/Sell ?

## We know the difference between Home & House

## Honesty, Integrity & Experience



**Specializing in Investment & Income Producing Real Estate**

# Nlight Real Estate

## Tel:516 NLIGHT4

REALTOR MLS EQUAL HOUSING OPPORTUNITY





Since 2007

**Sharanjit Singh Thind**
Real Estate Broker/Notary Public

180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਕਿਸਾਨ ਮੋਰਚੇ ਦੀ ਇਤਿਹਾਸਕ ਜਿੱਤ ਅਤੇ ਨਵੀਆਂ ਜ਼ਿੰਮੇਵਾਰੀਆਂ

ਸ਼ੁੱਕਰਵਾਰ ਕਿਸਾਨਾਂ ਦੀ ਇਤਿਹਾਸਕ ਜਿੱਤ ਹੋਈ। ਗੁਰੂ ਨਾਨਕ ਦੇਵ ਜੀ ਦਾ 552ਵਾਂ ਪ੍ਰਕਾਸ਼ ਪੁਰਬ ਦੇਸ਼ ਦੇ ਕਿਸਾਨਾਂ ਲਈ ਵਿਜੈ ਦਿਵਸ ਬਣ ਗਿਆ। ਇਸ ਜਿੱਤ ਦੇ ਮਾਅਨੇ ਏਨੇ ਵਿਆਪਕ ਤੇ ਵਸੀਹ ਹਨ ਕਿ ਸਾਨੂੰ ਉਨ੍ਹਾਂ ਨੂੰ ਸਮਝਣ ਅਤੇ ਆਪਣੀਆਂ ਜ਼ਿੰਦਗੀਆਂ ਵਿਚ ਸਮੋਣ ਲਈ ਨਾ ਸਿਰਫ਼ ਸਮਾਂ ਲੱਗੇਗਾ ਸਗੋਂ ਇਸ ਜਿੱਤ ਤੋਂ ਮਿਲੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਬੌਧਿਕ ਅਤੇ ਜ਼ਮੀਨੀ ਪੱਧਰ ‘ਤੇ ਅਜਿਹੇ ਯਤਨ ਕਰਨੇ ਪੈਣਗੇ ਜਿਨ੍ਹਾਂ ਰਾਹੀਂ ਅਸੀਂ ਕਿਸਾਨ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾ ਸਕੀਏ। ਇੱਕੀਵੀਂ ਸਦੀ ਦੇ ਸਭ ਤੋਂ ਲੰਮੇ ਸੰਘਰਸ਼ ਵਿਚ ਹੋਈ ਇਹ ਅਜ਼ੀਮ ਅਤੇ ਇਤਿਹਾਸਕ ਜਿੱਤ ਕਿਸਾਨਾਂ ਦੇ ਮਹਾਨ ਏਕੇ ਕਾਰਨ ਸੰਭਵ ਹੋਈ। ਸਭ ਵਰਗਾਂ ਦੇ ਲੋਕਾਂ, ਮਜ਼ਦੂਰਾਂ, ਚਿੰਤਕਾਂ, ਵਿਦਵਾਨਾਂ, ਗਾਇਕਾਂ, ਰੰਗਕਰਮੀਆਂ, ਕਲਾਕਾਰਾਂ ਤੇ ਸਮਾਜਿਕ ਕਾਰਕੁਨਾਂ ਨੇ ਕਿਸਾਨਾਂ ਦਾ ਸਾਥ ਦਿੱਤਾ ਪਰ ਅੰਦੋਲਨ ਦੀ ਬੁਨਿਆਦ ਕਿਸਾਨਾਂ ਦਾ ਬੇਮਿਸਾਲ ਸਿਦਕ, ਸਿਰੜ, ਹਿੰਮਤ, ਧੀਰਜ, ਏਕਾ ਤੇ ਜੇਰਾ ਸਨ ਜਿਸ ‘ਤੇ ਪਲ-ਦਰ-ਪਲ ਇਸ ਜਿੱਤ ਦੀ ਇਮਾਰਤ ਉੱਸਰਦੀ ਗਈ।

ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਦਿੱਲੀ ਦੀਆਂ ਹੱਦਾਂ ‘ਤੇ ਡੇਰੇ ਲਗਾਇਆਂ ਲਗਭਗ ਇਕ ਸਾਲ ਹੋਣ ਲੱਗਾ ਹੈ ਪਰ ਪੰਜਾਬ ਦੇ ਕਿਸਾਨ ਸਵਾ ਸਾਲ ਤੋਂ ਜ਼ਿਆਦਾ ਸਮੇਂ ਤੋਂ ਇਸ ਸੰਘਰਸ਼ ਵਿਚ ਜੁਟੇ ਹੋਏ ਹਨ। ਜਿੱਥੇ ਇਹ ਜਿੱਤ ਸਾਂਝੀਵਾਲਤਾ, ਜਮਹੂਰੀਅਤ ਅਤੇ ਲੋਕ-ਪੱਖੀ ਤਾਕਤਾਂ ਦੀ ਜਿੱਤ ਹੈ, ਉੱਥੇ ਇਸ ਦਾ ਆਧਾਰ ਪੰਜਾਬ ਦੀ ਵਲੂੰਧਰੀ ਆਤਮਾ ਵਿਚ ਆਇਆ ਉਹ ਤੂਫ਼ਾਨ ਹੈ ਜਿਹੜਾ 5 ਜੂਨ 2020 (ਜਦ ਖੇਤੀ ਆਰਡੀਨੈਂਸ ਜਾਰੀ ਕੀਤੇ ਗਏ) ਤੋਂ ਬਾਅਦ ਉਦੈ ਹੋਇਆ। ਇਹ ਕੋਵਿਡ-19 ਦੀ ਮਹਾਮਾਰੀ ਦੇ ਭਿਆਨਕ ਸਮੇਂ ਸਨ ਜਦ ਮਹਾਮਾਰੀ ਦੀ ਮਾਰ ਅਤੇ 24 ਮਾਰਚ 2020 ਨੂੰ ਅਚਾਨਕ ਕੀਤੀ ਗਈ ਤਾਲਾਬੰਦੀ ਨੇ ਮਨੁੱਖੀ ਸਮਝ ਨੂੰ ਭੁਚਲਾ ਕੇ ਰੱਖ ਦਿੱਤਾ ਸੀ। ਇਨ੍ਹਾਂ ਸਮਿਆਂ ਵਿਚ ਇਸ ਦੇਸ਼ ਦੇ ਲੋਕਾਂ ਵਿਰੁੱਧ ਸਾਜ਼ਿਸ਼ਾਂ ਰਚੀਆਂ ਗਈਆਂ; ਖੇਤੀ ਆਰਡੀਨੈਂਸ ਜਾਰੀ ਕੀਤੇ ਗਏ, ਸਨਅਤੀ ਕਾਮਿਆਂ ਦੇ ਹੱਕਾਂ ਨੂੰ ਸੀਮਤ ਕਰਨ ਲਈ ਕਿਰਤ ਕੋਡ ਬਣਾਏ ਗਏ, ਜਨਤਕ ਅਸਾਸਿਆਂ ਦਾ ਨਿੱਜੀਕਰਨ ਆਦਿ ਕੀਤਾ ਗਿਆ।

ਕੇਂਦਰ ਸਰਕਾਰ ਦੁਆਰਾ ਖੇਤੀ ਸਬੰਧੀ ਤਿੰਨ ਆਰਡੀਨੈਂਸ ਜਾਰੀ ਕਰਨ ਦੇ ਨਾਲ ਹੀ ਪੰਜਾਬ ਦੇ ਕਿਸਾਨਾਂ ਵਿਚ ਚੇਤਨਾ ਜਾਗਣੀ ਸ਼ੁਰੂ ਹੋਈ ਕਿ ਇਹ ਆਰਡੀਨੈਂਸ ਕਿਸਾਨ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਹਨ। ਪੰਜਾਬ ਦੇ ਕਿਸਾਨ ਕੋਲ ਉਚੇਰੀ ਪੱਧਰ ਦੀ ਖੇਤੀ ਕਰਨ, ਖੇਤੀ ਦੇ ਮਸ਼ੀਨੀਕਰਨ, ਜਿਣਸ ਨੂੰ ਮੰਡੀਆਂ ਵਿਚ ਉਚਿਤ ਭਾਅ ‘ਤੇ ਵੇਚਣ ਅਤੇ ਬੈਂਕਾਂ ਤੇ ਸਹਿਕਾਰੀ ਸਮਿਤੀਆਂ ਦੇ ਕਰਜ਼ਿਆਂ ਨਾਲ ਨਿਪਟਣ ਦਾ ਵੱਡਾ ਤਜਰਬਾ ਹੈ ਜਿਹੜਾ ਬਾਕੀ ਸੂਬਿਆਂ ਦੇ ਕਿਸਾਨਾਂ ਕੋਲ ਘੱਟ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਕਿਸਾਨਾਂ ਵਿਚ ਇਨ੍ਹਾਂ ਆਰਡੀਨੈਂਸਾਂ, ਜੋ ਬਾਅਦ ਵਿਚ ਕਾਨੂੰਨ ਬਣ ਗਏ, ਬਾਰੇ ਸਮਝ ਇੰਨੀ ਜਲਦੀ ਪਣਪੀ। ਇਸ ਸੋਚ-ਸਮਝ ਨੂੰ ਤਿੱਖੀ ਕਰਨ ਵਿਚ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਆਗੂਆਂ ਨੇ ਫ਼ੈਸਲਾਕੁਨ ਭੂਮਿਕਾ ਨਿਭਾਈ।

ਕਿਸਾਨ ਆਗੂਆਂ ਕੋਲ ਕਈ ਦਹਾਕਿਆਂ ਤੋਂ ਕਿਸਾਨਾਂ ਨੂੰ ਜਥੇਬੰਦ ਕਰਨ ਅਤੇ ਸਥਾਨਕ ਘੋਲ ਲੜਨ ਦਾ ਲੰਮਾ ਤਜਰਬਾ ਸੀ। ਇਹ ਆਗੂ ਵੱਖ-ਵੱਖ ਵਿਚਾਰਧਾਰਾਵਾਂ ਨਾਲ ਪ੍ਰਣਾਏ ਹੋਏ ਹਨ ਅਤੇ ਤਿੱਖੇ ਵਿਚਾਰਧਾਰਕ ਸੰਘਰਸ਼ਾਂ ‘ਚੋਂ ਗੁਜ਼ਰ ਚੁੱਕੇ ਸਨ। ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰੀ ਅਤੇ ਅਤਿਵਾਦੀ ਤਸ਼ੱਦਦ ਦਾ ਸਾਹਮਣਾ ਕੀਤਾ ਅਤੇ ਅਜਿਹੀਆਂ ਤਾਕਤਾਂ ਦੇ ਲਾਏ ਗਏ ਪੱਛਾਂ ਦੀ ਪੀੜ ਉਨ੍ਹਾਂ ਦੀਆਂ ਯਾਦਾਂ ਵਿਚ ਵਸੀ ਹੋਈ ਸੀ। ਇਨ੍ਹਾਂ ਜਥੇਬੰਦੀਆਂ ਅਤੇ ਉਨ੍ਹਾਂ ਦੇ ਆਗੂਆਂ ਨੇ ਕਿਸਾਨਾਂ ਨੂੰ ਘੋਰ ਨਿਰਾਸ਼ਾ ਵਿਚ ਡੁੱਬਦੇ ਤੇ ਖ਼ੁਦਕੁਸ਼ੀਆਂ ਕਰਦੇ ਵੇਖਿਆ ਸੀ ਅਤੇ ਸਿਆਸੀ ਜਮਾਤ ਤੇ ਪ੍ਰਸ਼ਾਸਨ ਤੋਂ ਮਿਲਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕੀਤਾ ਸੀ। ਉਨ੍ਹਾਂ ਨੇ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਅਤੇ ਸੰਤਾਨ ਨੂੰ ਮਜਬੂਰੀਵੱਸ ਵਿਦੇਸ਼ਾਂ ਵੱਲ ਜਾਂਦੇ ਵੇਖਿਆ ਸੀ।

ਕਿਸਾਨ ਅੰਦੋਲਨ ਨੇ ਪੰਜਾਬ ਨੂੰ ਮੁੜ ਊਰਜਿਤ ਕਰਦਿਆਂ ਪੰਜਾਬੀਅਤ ਦੀ ਨਵੀਂ ਬਾਤ ਪਾਈ। 1980ਵਿਆਂ ਵਿਚ ਅਤਿਵਾਦ ਅਤੇ ਸਰਕਾਰੀ ਤਸ਼ੱਦਦ ਦਾ ਵਲੂੰਧਰਿਆ ਪੰਜਾਬ 1990ਵਿਆਂ ਵਿਚ ਨਸ਼ਿਆਂ ਦੀ ਝੋਲੀ ਵਿਚ ਜਾ ਡਿੱਗਿਆ ਸੀ ਅਤੇ ਪਰਵਾਸ, ਨਸ਼ੇ, ਬੇਰੁਜ਼ਗਾਰੀ ਅਤੇ ਉਦਾਸੀਨਤਾ ਪੰਜਾਬ ਨੂੰ ਬਿਆਨ ਕਰਨ ਵਾਲੇ ਚਿੰਨ੍ਹ ਬਣ ਗਏ ਸਨ। ਕਿਸਾਨ ਅੰਦੋਲਨ ਨੇ ਪੰਜਾਬ ਨੂੰ ਉਸ ਉਪਰਾਮਤਾ ਤੇ ਉਦਾਸੀ ਦੇ ਆਲਮ ਵਿਚੋਂ ਬਾਹਰ ਕੱਢਿਆ ਅਤੇ ਸੰਘਰਸ਼ ਦਾ ਉਹ ਸੰਖ ਪੂਰਿਆ ਜਿਸ ਦੀ ਆਵਾਜ਼ ਚੌਹਾਂ ਕੂਟਾਂ ਵਿਚ ਸੁਣਾਈ ਦਿੱਤੀ। ਅੰਦੋਲਨ ਨੇ ਪੰਜਾਬੀ ਬੰਦੇ ਦੇ ਵੇਗ ਦੇ ਭਿੰਨ ਭਿੰਨ ਪਸਾਰਾਂ ਨੂੰ ਵੀ ਬੜੀ ਸਜਗਤਾ ਨਾਲ ਬਣਾਇਆ, ਸ਼ਿੰਗਾਰਿਆ, ਸਿਰਜਿਆ ਅਤੇ ਅਪਣਾਇਆ। ਅੰਦੋਲਨ ਦਾ ਇਕ ਵਿਸ਼ੇਸ਼ ਪੱਖ ਸਿਆਸੀ ਪਾਰਟੀਆਂ ਨੂੰ ਕਿਸਾਨ ਅੰਦੋਲਨ ਅਤੇ ਸਟੇਜਾਂ ‘ਤੇ ਕੋਈ ਸਥਾਨ (ਸਪੇਸ) ਨਾ ਦੇਣਾ ਵੀ ਸੀ। ਇਹ ਵੱਖਰੀ ਤਰ੍ਹਾਂ ਦੀ ਨਰੋਈ ਅਤੇ ਸਿਹਤਮੰਦ ਸਿਆਸਤ ਸੀ ਜਿਸ ਦਾ ਰਵਾਇਤੀ ਸਿਆਸੀ ਪਾਰਟੀਆਂ ਦੀ ਗੰਧਲੀ ਤੇ ਉਦਾਸੀਨਤਾ ਪੈਦਾ ਕਰਨ ਵਾਲੀ ਸਿਆਸਤ ਨਾਲ ਕੋਈ ਵਾਹ-ਵਾਸਤਾ ਨਹੀਂ ਸੀ।

ਕਿਸਾਨ ਘੋਲ ਇਕ ਸਿਖਰ ਤੋਂ ਦੂਸਰੀ ਸਿਖਰ ਵੱਲ ਵਧਿਆ ਪਰ 26-27 ਨਵੰਬਰ 2020 ਦੇ ‘ਦਿੱਲੀ ਚੱਲੋ’ ਦੇ ਸੱਦੇ ਨੇ ਇਸ ਨੂੰ ਅਜਿਹੇ ਮੋੜ ‘ਤੇ ਲੈ ਆਂਦਾ ਜਿਸ ‘ਤੇ ਉਸ ਦਾ ਸਾਹਮਣਾ ਸਿੱਧਾ ਕੇਂਦਰ ਸਰਕਾਰ ਦੀ ਅਸੀਮ ਸ਼ਕਤੀ ਨਾਲ ਹੋਇਆ; ਅਜਿਹੀ ਤਾਕਤ, ਜਿਸ ਕੋਲ ਅਨੰਤ ਸੁਰੱਖਿਆ ਬਲ, ਪ੍ਰਚਾਰ ਕਰਨ ਦੀ ਅਥਾਹ ਤਾਕਤ, ਕਾਨੂੰਨਾਂ ਦੇ ਹੱਕ ਵਿਚ ਬੋਲਣ ਵਾਲੇ ਅਰਥਸ਼ਾਸਤਰੀਆਂ ਦੀ ਫ਼ੌਜ, ਕਿਸਾਨਾਂ ਨੂੰ ਭੰਡਣ (ਜਿਵੇਂ ਉਨ੍ਹਾਂ ਨੂੰ ਅਤਿਵਾਦੀ, ਨਕਸਲੀ, ਖ਼ਾਲਿਸਤਾਨੀ ਆਦਿ ਕਹਿ ਕੇ ਭੰਡਿਆ ਗਿਆ) ਲਈ ਸੋਸ਼ਲ ਮੀਡੀਆ ਅਤੇ ਸੱਤਾ ਦੇ ਹੋਰ ਸਾਧਨ ਮੌਜੂਦ ਹਨ। ਇਹ ਕਿਸਾਨ ਜਥੇਬੰਦੀਆਂ, ਉਨ੍ਹਾਂ ਦੇ ਆਗੂਆਂ ਅਤੇ ਕਿਸਾਨਾਂ ਦਾ ਸਿਦਕ, ਸਿਰੜ, ਜ਼ਬਤ, ਸਮਝ, ਜੀਰਾਂਦ ਅਤੇ ਅਜਿਹੇ ਹੋਰ ਲੋਕ-ਪੱਖੀ ਜਜ਼ਬੇ ਹੀ ਸਨ ਜਿਨ੍ਹਾਂ ਨੇ ਇਸ ਅੰਦੋਲਨ ਨੂੰ ਸਜੀਵ, ਜਮਹੂਰੀ ਅਤੇ ਸ਼ਾਂਤਮਈ ਬਣਾਈ ਰੱਖਿਆ ਅਤੇ ਅਜਿਹੇ ਜਜ਼ਬਿਆਂ ਸਦਕਾ ਹੀ ਕਿਸਾਨ ਆਗੂ ਕੇਂਦਰ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੀ ਅਥਾਹ ਸ਼ਕਤੀ ਦਾ ਸਾਹਮਣਾ ਕਰ ਸਕੇ।

ਇਸ ਸਵਾ ਸਾਲ ਨੇ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਦੇਸ਼ ਦੇ ਹੋਰ ਸੂਬਿਆਂ ਨੂੰ ਇਕ ਨਵੀਂ ਵਿਸ਼ਵ-ਦ੍ਰਿਸ਼ਟੀ ਦਿੱਤੀ; ਇਸ ਸਮੇਂ ਦੌਰਾਨ ਦੁਨੀਆ ਤੇ ਦੇਸ਼ ਦੇ ਵਿਕਾਸ ਲਈ ਰਾਮਬਾਣ ਦੱਸੇ ਜਾ ਰਹੇ ਵਿਕਾਸ ਦੇ ਕਾਰਪੋਰੇਟ ਆਧਾਰਿਤ ਮਾਡਲ ‘ਤੇ ਵੱਡੇ ਸਵਾਲ ਉੱਠੇ; ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਕਾਰਪੋਰੇਟ-ਮੋਹ ਦਾ ਪਰਦਾਫਾਸ਼ ਹੋਇਆ; ਕਾਰਪੋਰੇਟ-ਪੱਖੀ ਚਿੰਤਕਾਂ ਦੁਆਰਾ ਬੁਣੇ ਗਏ ਬਿਰਤਾਂਤ ਨੂੰ ਤਰਕਮਈ ਢੰਗ ਨਾਲ ਚੁਣੌਤੀ ਦਿੱਤੀ ਗਈ; ਕਿਸਾਨ ਅੰਦੋਲਨ ਨੇ ਟੈਲੀਵਿਜ਼ਨ ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ‘ਤੇ ਮੁੱਦਿਆਂ ਤੋਂ ਦੂਰ ਰੱਖਣ ਦੀ ਸਿਆਸਤ ਨੂੰ ਲਲਕਾਰਿਆ।

ਮਨੁੱਖੀ ਜੀਵਨ ਦੇ ਹਰ ਪਲ ਵਿਚ ਜ਼ਿੰਦਗੀ ਦੇ ਸੱਚ-ਝੂਠ, ਸੁੱਖ-ਦੁੱਖ, ਪ੍ਰੇਮ-ਨਫ਼ਰਤ, ਪ੍ਰੇਸ਼ਾਨੀਆਂ, ਮੁਸ਼ਕਲਾਂ, ਮਜਬੂਰੀਆਂ, ਦਿੱਕਤਾਂ, ਦੁੱਖ-ਦੁਸ਼ਵਾਰੀਆਂ, ਸੰਭਾਵਨਾਵਾਂ, ਆਸਾਂ-ਉਮੀਦਾਂ, ਜਸ਼ਨ, ਸਫਲਤਾਵਾਂ-ਅਸਫਲਤਾਵਾਂ, ਓਪਰਾਪਣ-ਆਪਣਾਪਣ, ਲੱਚਰਤਾ, ਧੋਖੇਬਾਜ਼ੀ, ਕੁਟਿਲਤਾ, ਮੱਕਾਰੀ, ਜ਼ੁਲਮ, ਸੰਘਰਸ਼, ਵਫ਼ਾ ਸਭ ਹਾਜ਼ਰ ਹੁੰਦੇ ਹਨ ਪਰ ਜਦ ਲੋਕ ਸਾਂਝੇ ਸੰਘਰਸ਼ ਕਰਦੇ ਹਨ ਤਾਂ ਮਨੁੱਖ ਦੇ ਸੱਚੇ, ਸੁਹਜਮਈ ਤੇ ਸੰਘਰਸ਼ਸ਼ੀਲ ਨਕਸ਼ ਉਜਾਗਰ ਹੁੰਦੇ ਹਨ। ਸ਼ੁੱਕਰਵਾਰ ਕੁਹਜ ਦੀ ਹਾਰ ਹੋਈ; ਮਨੁੱਖੀ ਸੁਹਜ ਦਾ ਜਲੌਅ ਆਪਣੀ ਪੂਰੀ ਤਾਕਤ ਨਾਲ ਚਮਕਿਆ। ਲੋਕ-ਵਿਰੋਧੀ ਤਾਕਤਾਂ ਦੀ ਬਨਾਉਟੀ ਚਮਕ ਮੱਧਮ ਪੈ ਗਈ।

ਇਹ ਨਹੀਂ ਕਿ ਇਸ ਸਮੇਂ ਵਿਚ ਕਿਸਾਨ-ਵਿਰੋਧੀ ਤਾਕਤਾਂ ਚੁੱਪ ਹੋ ਕੇ ਬੈਠ ਗਈਆਂ। ਉਨ੍ਹਾਂ ਨੇ ਕਿਸਾਨ ਸੰਘਰਸ਼ ਨੂੰ ਜੜ੍ਹਾਂ ਤੋਂ ਉਖਾੜਨ ਤੇ ਬਦਨਾਮ ਕਰਨ ਲਈ ਹਰ ਹੀਲਾ ਵਰਤਿਆ। 26 ਜਨਵਰੀ 2021 ਨੂੰ ਲਾਲ ਕਿਲੇ ਦੇ ਬਾਹਰ ਹੋਈਆਂ ਘਟਨਾਵਾਂ ਉਨ੍ਹਾਂ ਦੁਆਰਾ ਕੀਤਾ ਗਿਆ ਅਜਿਹਾ ਹੀ ਯਤਨ ਸੀ ਜਿਸ ਨੇ ਕਿਸਾਨ ਅੰਦੋਲਨ ਦੀ ਆਤਮਾ ਨੂੰ ਜ਼ਖ਼ਮੀ ਕੀਤਾ ਪਰ ਉਸ ਜ਼ਖ਼ਮ ਕਾਰਨ ਕਿਸਾਨਾਂ ਦੇ ਇਰਾਦੇ ਹੋਰ ਮਜ਼ਬੂਤ ਹੋਏ ਅਤੇ ਉਨ੍ਹਾਂ ਦੇ ਆਗੂਆਂ ਨੂੰ ਤਜਰਬਾ ਹੋਇਆ ਕਿ ਕਿਸਾਨ-ਵਿਰੋਧੀ ਅਨਸਰਾਂ ਨਾਲ ਕਿਵੇਂ ਸਿੱਝਣਾ ਹੈ। ਇਸੇ ਸਮੇਂ ਵਿਚ ਕਿਸਾਨ ਸੰਸਦ ਹੋਈ ਜਿਸ ਵਿਚ ਦੇਸ਼ ਦੇ ਨਾਮਵਰ ਚਿੰਤਕਾਂ, ਸਮਾਜਿਕ ਕਾਰਕੁਨਾਂ ਅਤੇ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

# ਅਸਲ ਮੁੱਦੇ ਤੋਂ ਬੇਮੁੱਖ ਹੋਇਆ ਮੀਡੀਆ

ਮੀਡੀਆ ਕਾਂਗਰਸ ਦੀ ਲੜਾਈ ਨੂੰ ਏਨਾ ਮਹੱਤਵ, ਏਨੀ ਕਵਰੇਜ ਕਿਉਂ ਦੇ ਰਿਹਾ ? ਕੀ ਇਸ ਦੀ ਬਜਾਏ ਮੀਡੀਆ ਨੂੰ ਪੰਜਾਬ ਦੇ ਮੁੱਦਿਆਂ-ਮਸਲਿਆਂ ਦੀ ਗੱਲ ਨਹੀਂ ਕਰਨੀ ਚਾਹੀਦੀ ? ਕੀ ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਲਏ ਜਾ ਰਹੇ ਫ਼ੈਸਲਿਆਂ, ਕੀਤੇ ਜਾ ਰਹੇ ਕੰਮਾਂ ਅਤੇ ਰਾਜਨੀਤਕ ਸ਼ੈਲੀ ਸੰਬੰਧੀ ਚਰਚਾ ਕਰਨ ਦੀ ਲੋੜ ਨਹੀਂ ? ਪੰਜਾਬ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਿਨਾਂ ਕੋਈ ਕੰਮ ਕਾਰ ਕੀਤਿਆਂ ਸੁਰਖੀਆਂ ਵਿਚ ਰਹਿਣਾ ਚਾਹੁੰਦੇ ਹਨ ਅਤੇ ਮੀਡੀਆ ਉਨ੍ਹਾਂ ਨੂੰ ਸੁਰਖੀਆਂ ਵਿਚ ਰੱਖ ਰਿਹਾ ਹੈ। ਕੀ ਮੀਡੀਆ ਦੀ ਇਹ ਪਹੁੰਚ, ਇਹ ਨਜ਼ਰੀਆ ਸਹੀ ਹੈ ? ਕੈਪਟਨ-ਸਿੱਧੂ ਟਕਰਾਅ ਵਿਚੋਂ ਪੰਜਾਬ ਨੂੰ, ਪੰਜਾਬ ਵਾਸੀਆਂ ਨੂੰ ਕੀ ਮਿਲਿਆ ? ਹੁਣ ਚੰਨੀ-ਸਿੱਧੂ ਲੜਾਈ ਵਿਚੋਂ ਪੰਜਾਬ ਦੇ ਲੋਕਾਂ ਨੂੰ ਕੀ ਮਿਲੇਗਾ ? ਚੰਨੀ ਬਿਲਕੁਲ ਸਹੀ ਕਰ ਰਹੇ ਹਨ ਕਿ ਉਹ ਸਿੱਧੂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦੇ ਰਹੇ, ਸਗੋਂ ਅਧੂਰੇ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਵੱਲ ਧਿਆਨ ਕੇਂਦਰਿਤ ਕਰ ਰਹੇ ਹਨ। ਕਿਉਂਕਿ ਨਬੇੜਾ ਕੰਮਾਂ ‘ਤੇ ਹੋਣਾ ਹੈ। ਲੋਕ ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ, ਪ੍ਰਦੂਸ਼ਣ, ਵਿਵਸਥਾ ਅਤੇ ਸਿਆਸੀ ਖਿੱਚੋਤਾਣ ਤੋਂ ਪ੍ਰੇਸ਼ਾਨ ਹਨ। ਉਪ-ਚੋਣਾਂ ਵਿਚ ਉਪਰੋਕਤ ਪ੍ਰੇਸ਼ਾਨੀਆਂ ਪ੍ਰਤੀ ਲੋਕਾਂ ਨੇ ਭਾਜਪਾ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ। ਕਹਿੰਦੇ ਹਨ ਕਿ ਅੱਤ ਤੇ ਖ਼ੁਦਾ ਦਾ ਵੈਰ ਹੈ। ਹੁਣ ਅੱਤ ਹੋ ਰਹੀ ਹੈ। ਲੋਕ ਡਾਹਢੇ ਪ੍ਰੇਸ਼ਾਨ ਹਨ। ਮਹਿੰਗਾਈ ਸੰਬੰਧੀ ਵਿਰੋਧ ਦਰਜ ਕਰਾਉਣ ਲਈ ਕੋਈ ਮੁਹਿੰਮ ਖੜ੍ਹੀ ਨਹੀਂ ਹੋ ਰਹੀ। ਸੋ, ਲੋਕ ਵੋਟਾਂ ਰਾਹੀਂ ਆਪਣਾ ਗੁੱਸਾ ਪ੍ਰਗਟਾਅ ਰਹੇ ਹਨ। ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਉਨ੍ਹਾਂ ਨੇ ਵੀ ਆਖਰ ਵੋਟਾਂ ਵਿਚ ਭਾਜਪਾ ਦਾ ਵਿਰੋਧ ਕਰਨ ਦੀ ਨੀਤੀ ਅਪਣਾਈ ਹੈ। ਸਿਆਸੀ ਪਾਰਟੀਆਂ ਅਤੇ ਸਿਆਸੀ ਨੇਤਾਵਾਂ ਦੇ ਤਿੱਖੇ ਆਪਸੀ ਵਿਰੋਧ ਦਾ ਸੰਬੰਧਿਤ ਖਿੱਤੇ ਅਤੇ ਲੋਕਾਂ ਨੂੰ ਵੱਖ-ਵੱਖ ਰੂਪਾਂ ਵਿਚ ਨੁਕਸਾਨ ਹੀ ਉਠਾਉਣਾ ਪੈਂਦਾ ਹੈ।ਵਿਕਸਿਤ ਮੁਲਕਾਂ ਵਿਚ ਵਿਰੋਧੀ ਪਾਰਟੀਆਂ ਦੇ ਨੇਤਾ ‘ਸ਼ੈਡੋ ਮਨਿਸਟਰ’ ਦੇ ਰੂਪ ਵਿਚ ਕੰਮ ਕਰਦੇ ਹਨ ਤਾਂ ਜੋ ਚੱਲ ਰਹੇ ਪ੍ਰਾਜੈਕਟਾਂ ਵਿਚ ਸਹਿਯੋਗ ਅਤੇ ਨਿਗਰਾਨੀ ਦੀ ਜ਼ਿੰਮੇਵਾਰੀ ਨਿਭਾਈ ਜਾ ਸਕਣ। ਭਵਿੱਖ ਵਿਚ ਆਪਣੀ ਸਰਕਾਰ ਬਣਨ ‘ਤੇ ਉਨ੍ਹਾਂ ਪ੍ਰਾਜੈਕਟਾਂ ਨੂੰ ਅੱਗੇ ਵਧਾਇਆ ਜਾ ਸਕੇ ਅਤੇ ਮੁਕੰਮਲ ਕੀਤਾ ਜਾ ਸਕੇ, ਜਦੋਂ ਕਿ ਸਾਡੇ ਮੰਤਰੀ, ਸਾਡੇ ਵਿਧਾਇਕ, ਸਾਡੇ ਨੇਤਾ ਇਕ-ਦੂਸਰੇ ਦੇ ਕੰਮਾਂ ਵਿਚ ਰੁਕਾਵਟਾਂ ਪਾ ਕੇ ਖੁਸ਼ ਹੁੰਦੇ ਹਨ। ਲੋਕਾਂ ਅਤੇ ਸੂਬੇ ਦਾ ਨੁਕਸਾਨ ਕਰਦੇ ਹਨ। ਭਾਰਤੀ ਮੀਡੀਆ ਨੂੰ, ਸਿਆਸੀ ਨੇਤਾਵਾਂ ਦੇ ਬਿਆਨਾਂ ਨੂੰ ਹੀ ਮੁੱਖ ਸੁਰਖੀਆਂ ਦੇ ਰੂਪ ਵਿਚ ਨਹੀਂ ਉਭਾਰਨਾ ਚਾਹੀਦਾ, ਬਲਕਿ ਕੀਤੇ ਕੰਮਾਂ ਨੂੰ ਵੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਸੁਰਖੀਆਂ ਦੇ ਰੂਪ ਵਿਚ ਉਭਾਰਨ ਦੀ ਲੋੜ ਹੈ। ਕੁਝ ਦਿਨ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਵੇਖ ਕੇ ਬੜੀ ਹੈਰਾਨੀ ਹੋਈ। ਜਦ ਪੈਟਰੋਲ, ਡੀਜ਼ਲ ਸਸਤਾ ਹੋਇਆ ਤਾਂ ਮੁੱਖ ਸੁਰਖੀ ਬਣ ਗਈ। ਜਦ ਮਹੀਨਿਆਂ ਤੋਂ ਲਗਾਤਾਰ ਮਹਿੰਗਾ ਹੁੰਦਾ ਰਿਹਾ ਤਾਂ ਬਹੁਤਿਆਂ ਨੇ ਇਸ ਖ਼ਬਰ ਦੀਆਂ ਸੁਰਖੀਆਂ ਬਣਾਉਣ ਦੀ ਲੋੜ ਨਹੀਂ ਸਮਝੀ। ਲੋਕ ਵਧਦੀਆਂ ਕੀਮਤਾਂ ਸੰਬੰਧੀ ਹੈਰਾਨ ਪ੍ਰੇਸ਼ਾਨ ਹਨ। ਗ਼ਰੀਬਾਂ ਨੇ ਸਕੂਟਰ, ਮੋਟਰਸਾਈਕਲ ਘਰ ਖੜ੍ਹੇ ਕਰਕੇ ਸਾਈਕਲ ਕੱਢ ਲਏ ਹਨ। ਪੈਟਰੋਲ, ਡੀਜ਼ਲ ਮਹਿੰਗਾ ਹੋਣ ਕਾਰਨ ਹਰ ਚੀਜ਼ ਮਹਿੰਗੀ ਹੋ ਰਹੀ ਹੈ। ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਜਾ ਰਹੀ ਹੈ। ਸਿਆਸੀ ਲੋਕ ਕੁਰਸੀ ਲਈ ਤਰਲੋ-ਮੱਛੀ ਹੋ ਰਹੇ ਹਨ। ਗ਼ਰੀਬ ਦਾ ਤਿੰਨ ਡੰਗ ਦੀ ਰੋਟੀ ਦਾ ਮਸਲਾ ਹੈ। ਆਮ ਆਦਮੀ ਦਾ ਸਿਹਤ, ਸਿੱਖਿਆ ਸਹੂਲਤਾਂ ਦਾ ਮਸਲਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਅਤੇ ਸਿਆਸੀ ਲੋਕ ਧਰਮਾਂ, ਜਾਤਾਂ-ਪਾਤਾਂ ਦੀ ਰਾਜਨੀਤੀ ਵਿਚ ਉਲਝਾ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਜਨਤਾ ਨੂੰ ਅਜਿਹੀ ਸਿਆਸਤ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ। ਮੀਡੀਆ ਨੂੰ, ਲੋਕਾਂ ਨੂੰ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਨੂੰ, ਸਿਆਸੀ ਨੇਤਾਵਾਂ ਨੂੰ ਪੰਜਾਬ ਦੇ, ਪੰਜਾਬੀਆਂ ਦੇ ਅਸਲ ਮੁੱਦਿਆਂ-ਮਸਲਿਆਂ ਵੱਲ ਲੈ ਕੇ ਆਉਣ।

ਮਹੀਨਿਆਂ ਤੋਂ ‘ਪ੍ਰਾਈਮ ਟਾਈਮ’ ‘ਤੇ ਕੈਪਟਨ-ਸਿੱਧੂ, ਚੰਨੀ-ਸਿੱਧੂ ਲੜਾਈ ‘ਤੇ ਚਰਚਾ ਕੀਤੀ ਜਾ ਰਹੀ ਹੈ। ਅਜਿਹੇ ਵਿਰੋਧ, ਅਜਿਹੇ ਟਕਰਾਅ ਨੂੰ ਕੇਵਲ ਬਣਦੀ ਕਵਰੇਜ, ਖ਼ਬਰ ਵਜੋਂ ਜਗ੍ਹਾ ਹੀ ਦਿੱਤੀ ਜਾਣੀ ਚਾਹੀਦੀ ਹੈ। ਲਗਾਤਾਰ ਕਹਾਣੀ ਬਣਾ ਕੇ ਉਭਾਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜਦ ਵਿਰੋਧ ਨੂੰ, ਟਕਰਾਅ ਨੂੰ ਮੁੱਖ ਸੁਰਖੀ ਬਣਾਇਆ ਜਾਂਦਾ ਹੈ ਤਾਂ ਸਿਆਸੀ ਲੋਕਾਂ ਨੂੰ ਖ਼ੁਸ਼ੀ ਹੁੰਦੀ ਹੈ। ਆਖਰ ਉਹ ਮੀਡੀਆ ਦੀ ਵੱਡੀ ਕਵਰੇਜ ਲਈ ਹੀ ਤਾਂ ਸਾਰਾ ਦਿਨ ਭੱਜੇ-ਨੱਸੇ ਫਿਰਦੇ ਹਨ। ਕੰਮ ਤਾਂ ਦਫ਼ਤਰ ਵਿਚ ਟਿਕ ਕੇ ਬੈਠਣ ਨਾਲ ਵਧੀਆ ਹੁੰਦਾ ਹੈ। ਉਸ ਲਈ ਭੱਜੇ-ਨੱਸੇ ਫਿਰਨ ਦੀ ਬਹੁਤੀ ਲੋੜ ਨਹੀਂ ਹੁੰਦੀ। ਖ਼ੁਸ਼ਵੰਤ ਸਿੰਘ ਆਪਣੇ ਕਾਲਮ ਵਿਚ ਲਿਖਿਆ ਕਰਦੇ ਸਨ ਕਿ ਜੇ ਟੀ.ਵੀ. ਕੈਮਰਾ ਅਤੇ ਪੱਤਰਕਾਰ ਨਾ ਪਹੁੰਚਣ ਤਾਂ ਸਿਆਸੀ ਨੇਤਾ ਹਸਪਤਾਲਾਂ ਵਿਚ ਕਿਸੇ ਦਾ ਹਾਲ ਪੁੱਛਣ ਨਾ ਜਾਣ। ਹਸਪਤਾਲਾਂ ਵਿਚ ਵੀ ਟੀ.ਵੀ. ਕੈਮਰੇ ਨਾਲ ਜਾਂਦੇ ਹਨ। ਭਾਰਤੀ ਨੇਤਾਵਾਂ ਨੂੰ ਮੀਡੀਆ ਕਵਰੇਜ ਦਾ ਵਧੇਰੇ ਹੀ ਭੁੱਸ ਹੈ। ਇਹ ਭੁੱਸ ਛੱਡ ਕੇ, ਦਫ਼ਤਰਾਂ ਵਿਚ ਬੈਠ ਕੇ ਕੰਮ ਕਰਨ ਦੀ ਲੋੜ ਹੈ। ਦੇਸ਼ ਦੀ, ਸੂਬੇ ਦੀ, ਲੋਕਾਂ ਦੀ ਬਿਹਤਰੀ ਕੰਮ ਕਰਨ ਵਿਚ ਹੈ, ਫੋਕੀ ਮੀਡੀਆ ਕਵਰੇਜ ਵਿਚ ਨਹੀਂ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**


Insurance
Solid like a Rock
Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.
Tel: 516-654-4488
Sharanjit Singh Thind
Licensed P&C Insurance Broker/ Notary Public
(Service with Honesty & Smile, Since 2012)
insure@nlightfin.com www.nlightfin.com

# ਯੂ.ਐੱਨ. ਮਾਹਿਰ ਵਲੋਂ ਖੇਤੀ ਕਾਨੂੰਨ ਰੱਦ ਕਰਨ ਦੇ ਫ਼ੈਸਲੇ ਦਾ ਸਵਾਗਤ



ਜਨੇਵਾ-ਸੰਯੁਕਤ ਰਾਸ਼ਟਰ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸਿਖਰਲੇ ਮਾਹਿਰ ਨੇ ਭਾਰਤ ਸਰਕਾਰ ਵਲੋਂ 3 ਵਿਵਾਦਿਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਮਾਹਿਰ ਨੇ ਆਸ ਜਤਾਈ ਕਿ ਖੇਤੀ ਸੈਕਟਰ ਵਿੱਚ ਸੁਧਾਰ ਲਈ ਕੀਤੀ ਜਾਣ ਵਾਲੀ ਕੋਈ ਵੀ ਪੇਸ਼ਕਦਮੀ ਮੁਲਕ ਦੇ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਮੁਤਾਬਕ ਹੋਵੇਗੀ ਤੇ ਸਬੰਧਤ ਫ਼ੈਸਲੇ ਕਿਸਾਨਾਂ, ਭਾਈਚਾਰਿਆਂ ਤੇ ਯੂਨੀਅਨਾਂ ਨਾਲ ਅਰਥਪੂਰਨ ਸਲਾਹ-ਮਸ਼ਵਰੇ ਮਗਰੋਂ ਲਏ ਜਾਣਗੇ।


ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ। ਦੇਸ਼ ਦੇ ਨਾਂ ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਆਪਣੇ ਘਰਾਂ ਨੂੰ ਪਰਤਣ ਦੀ ਅਪੀਲ ਵੀ ਕੀਤੀ ਸੀ।

ਸੰਯੁਕਤ ਰਾਸ਼ਟਰ ਵਿੱਚ ਖੁਰਾਕੀ ਹੱਕ ਬਾਰੇ ਵਿਸ਼ੇਸ਼ ਪੜਤਾਲੀਆ ਅਧਿਕਾਰੀ ਮਿਸੇਲ ਫ਼ਾਖਰੀ ਨੇ ਕਿਹਾ, "ਇਨ੍ਹਾਂ ਕਾਨੂੰਨਾਂ ਨਾਲ ਭਾਰਤ ਦੇ ਪੂਰੇ ਖੁਰਾਕ ਪ੍ਰਬੰਧ ਦੀ ਸਥਿਰਤਾ ਦਾਅ 'ਤੇ ਲੱਗੀ ਹੋਈ ਸੀ। ਆਸ ਕਰਦੇ ਹਾਂ ਕਿ ਖੇਤੀ ਸੈਕਟਰ ਵਿੱਚ ਸੁਧਾਰਾਂ ਦੇ ਨਾਂ 'ਤੇ ਚੁੱਕਿਆ ਜਾਣ ਵਾਲਾ ਕੋਈ ਵੀ ਕਦਮ ਮੁਲਕ ਦੇ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਮੁਤਾਬਕ ਹੋਵੇਗਾ ਤੇ ਇਸ ਲਈ ਕਿਸਾਨਾਂ ਤੇ ਹੋਰ ਸਬੰਧਤ ਭਾਈਵਾਲਾਂ ਨਾਲ ਅਰਥਪੂਰਨ ਸਲਾਹ-ਮਸ਼ਵਰਾ ਕੀਤਾ ਜਾਵੇਗਾ।" ਫ਼ਾਖਰੀ ਨੇ ਇੱਕ ਬਿਆਨ ਵਿੱਚ ਕਿਹਾ, "ਮੈਂ ਇਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਅਪਣਾਏ ਲੰਮੇ ਅਮਲ ਨੂੰ ਸਵੀਕਾਰ ਕਰਦਾ ਹਾਂ, ਪਰ ਪਿਛਲੇ ਇੱਕ ਸਾਲ ਦੌਰਾਨ ਜਿਹੜਾ ਸਿੱਟਾ ਨਿਕਲਿਆ ਹੈ, ਉਹ ਹਜ਼ਾਰਾਂ ਲੋਕਾਂ ਵਲੋਂ ਮਹਿਸੂਸ ਕੀਤੀ ਗਈ ਬੇਚੈਨੀ ਵਲ ਇਸ਼ਾਰਾ ਕਰਦੀ ਹੈ।"

ਬਿਆਨ ਵਿੱਚ ਅੱਗੇ ਕਿਹਾ ਗਿਆ, "ਇਸ ਦਰਦਨਾਕ ਅਧਿਆਇ ਨੂੰ ਬੰਦ ਕਰਦਿਆਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਰਕਾਰ ਕਿਸਾਨ ਅੰਦੋਲਨ ਦੌਰਾਨ ਸ਼ਹਾਦਤਾਂ ਪਾਉਣ ਵਾਲੇ 600 ਤੋਂ ਵੱਧ ਕਿਸਾਨਾਂ ਲਈ ਮੰਗੇ ਜਾ ਰਹੇ ਮੁਆਵਜ਼ੇ ਵਲ ਧਿਆਨ ਧਰੇ ਤੇ ਇਹ ਯਕੀਨੀ ਬਣਾਏ ਕਿ ਕਿਸਾਨਾਂ ਨੂੰ ਮੁੜ ਅੰਦੋਲਨ ਕਰਨ ਲਈ ਮਜਬੂਰ ਨਾ ਹੋਣਾ ਪਏ।"

ਮਿਸ਼ੇਲ ਫ਼ਾਖਰੀ ਨੇ ਕਿਹਾ ਕਿ ਇਹ ਗੱਲ ਵੀ ਚਿੱਟੇ ਦਿਨ ਵਾਂਗ ਸਾਫ਼ ਹੋ ਗਈ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਲੋਕਾਂ ਨੂੰ ਸਸ਼ਕਤ ਬਣਾਉਣ ਲਈ ਬਹੁਮੁੱਲਾ ਸੰਦ ਹੈ ਕਿ ਸ਼ਾਂਤੀਪੂਰਨ ਤਰੀਕੇ ਨਾਲ ਕੀਤੇ ਪ੍ਰਦਰਸ਼ਨਾਂ ਨਾਲ ਵੀ ਨੀਤੀਆਂ ਵਿੱਚ ਬਦਲਾਅ ਲਿਆਂਦਾ ਜਾ ਸਕਦਾ ਹੈ। ਯੂ.ਐੱਨ. ਮਾਹਿਰ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਸੁਪਰੀਮ ਕੋਰਟ ਵੱਲੋਂ ਨਿਭਾਈ ਭੂਮਿਕਾ ਵੀ ਅਹਿਮ ਸੀ, ਜਦੋਂ ਸਿਖਰਲੀ ਅਦਾਲਤ ਨੇ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਉਹ ਕਿਸਾਨਾਂ ਦੀਆਂ ਸ਼ਿਕਾਇਤਾਂ/ਮੁਸ਼ਕਿਲਾਂ ਨੂੰ ਸੁਣਨ ਲਈ ਵੱਧ ਸਮਾਂ ਤੇ ਥਾਂ ਦੇਵੇ।

# ਬਿਨਾਂ ਦੋਸ਼ ਦੇ 43 ਸਾਲ ਦੀ ਸਜ਼ਾ ਕੱਟ ਕੇ ਰਿਹਾਅ ਹੋਏ ਵਿਅਕਤੀ ਲਈ ਹੋਈ 'ਦਾਨ' ਦੀ ਬਰਸਾਤ



ਕੰਸਾਸ ਸਿਟੀ-ਤੀਹਰੇ ਕਤਲ ਕਾਂਡ ਦੇ ਦੋਸ਼ੀ ਠਹਿਰਾਏ ਗਏ ਅਤੇ 43 ਸਾਲ ਦੀ ਕੈਦ ਦੀ ਸਜ਼ਾ ਕੱਟਣ ਵਾਲੇ ਵਿਅਕਤੀ ਲਈ 14 ਲੱਖ ਤੋਂ ਵੱਧ ਡਾਲਰ ਜੁਟਾਏ ਗਏ ਹਨ। ਦਰਅਸਲ, ਵਿਅਕਤੀ ਨੂੰ ਗਲਤ ਤਰੀਕੇ ਨਾਲ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਹਾਲ ਹੀ ਵਿੱਚ ਜੱਜ ਨੇ ਉਸ ਦੀ ਸਜ਼ਾ ਨੂੰ ਪਲਟ ਦਿੱਤਾ ਸੀ। ਮਿਡਵੈਸਟ ਇਨੋਸੈਂਸ ਪ੍ਰਾਜੈਕਟ ਨੇ ਕੇਵਿਨ ਸਟ੍ਰਿਕਲੈਂਡ ਦੀ ਰਿਹਾਈ ਲਈ ਮੁਹਿੰਮ ਚਲਾਈ ਅਤੇ ਗੋ ਫ਼ੰਡ ਮੀ ਦੀ ਸਥਾਪਨਾ ਕੀਤੀ ਤਾਂ ਜੋ ਮਿਸੌਰੀ ਤੋਂ ਮੁਆਵਜ਼ਾ ਨਾ ਮਿਲਣ 'ਤੇ ਉਸ ਨੂੰ ਸਨਮਾਨਜਨਕ ਜੀਵਨ ਜਿਊਣ ਵਿੱਚ ਮਦਦ ਮਿਲ ਸਕੇ।

ਰਾਜ ਗਲਤ ਫ਼ੈਸਲੇ ਕਾਰਨ ਕੈਦ ਦੀ ਸਜ਼ਾ ਭੁਗਤਣ ਵਾਲੇ ਸਿਰਫ਼ ਉਹਨਾਂ ਲੋਕਾਂ ਨੂੰ ਭੁਗਤਾਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਨੂੰ ਡੀ.ਐੱਨ.ਏ. ਸਬੂਤ ਦੇ ਮਾਧਿਅਮ ਨਾਲ ਦੋਸ਼ ਮੁਕਤ ਕੀਤਾ ਗਿਆ ਹੋਵੇ। ਇਸ ਲਈ 62 ਸਾਲ ਦਾ ਸਟ੍ਰਿਕਲੈਂਡ ਇਸ ਦੇ ਯੋਗ ਨਹੀਂ ਹੋਵੇਗਾ। ਮਿਸੌਰੀ ਕੋਰਟ ਆਫ਼ ਅਪੀਲਜ ਦੇ ਜੱਜ ਨੇ ਉਸ ਦੀ ਰਿਹਾਈ ਦਾ ਹੁਕਮ ਦਿੱਤਾ, ਜਿਸ ਵਿੱਚ ਪਾਇਆ ਗਿਆ ਕਿ ਸਟ੍ਰਿਕਲੈਂਡ ਨੂੰ ਦੋਸ਼ੀ ਠਹਿਰਾਉਣ ਲਈ ਵਰਤੇ ਗਏ ਸਬੂਤਾਂ ਨੂੰ ਨਕਾਰ ਦਿੱਤਾ ਗਿਆ ਸੀ। ਸ਼ਾਮ ਤੱਕ, ਸਟ੍ਰਿਕਲੈਂਡ ਦੀ ਮਦਦ ਲਈ 14.5 ਲੱਖ ਅਮਰੀਕੀ ਡਾਲਰ ਤੋਂ ਵੱਧ ਦਾਨ ਇਕੱਠਾ ਕੀਤਾ ਗਿਆ ਸੀ। ਸਟ੍ਰਿਕਲੈਂਡ ਨੇ ਹਮੇਸ਼ਾ ਕਿਹਾ ਕਿ ਉਹ ਘਰ ਵਿੱਚ ਟੀ.ਵੀ. ਦੇਖ ਰਿਹਾ ਸੀ ਅਤੇਉਸ ਦਾ 1978 ਦੇ ਕਤਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਘਟਨਾ ਵੇਲੇ ਉਸ ਦੀ ਉਮਰ 18 ਸਾਲ ਸੀ। ਜੇਲ੍ਹ ਤੋਂ ਰਿਹਾਅ ਹੋਣ 'ਤੇ, ਉਸ ਨੇ ਕਿਹਾ ਕਿ ਉਹ 'ਰੱਬ ਦਾ ਸ਼ੁੱਕਰਗੁਜ਼ਾਰ ਹੈ'।

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਫ਼ੋਟੋਸ਼ੂਟ ਕਰਾਉਣ ਵਾਲੀ ਪਾਕਿਸਤਾਨੀ ਮਾਡਲ ਨੇ ਮੰਗੀ ਮੁਆਫ਼ੀ

ਲਾਹੌਰ - ਪਾਕਿਸਤਾਨ ਪੁਲੀਸ ਨੇ ਕਰਤਾਰਪੁਰ ਸਾਹਿਬ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਵਿੱਚ ਕੱਪੜਿਆਂ ਦੇ ਇੱਕ ਬਰਾਂਡ ਲਈ ਬਿਨਾਂ ਸਿਰ ਢੱਕੇ ਫ਼ੋਟੋਸ਼ੂਟ ਕਰਾਏ ਜਾਣ ਦੇ ਬਾਅਦ ਪਾਕਿਸਤਾਨੀ ਮਾਡਲ ਅਤੇ ਟੈਕਸਟਾਇਲ ਬਰਾਂਡ ਖ਼ਿਲਾਫ਼ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਜਾਂਚ ਸ਼ੁਰੂ ਕੀਤੀ ਹੈ। ਪੁਲੀਸ ਨੇ ਇਹ ਜਾਂਚ ਤਸਵੀਰਾਂ ਨੂੰ ਲੈ ਕੇ ਇੱਕ ਭਾਰਤੀ ਸਿੱਖ ਪੱਤਰਕਾਰ ਵਲੋਂ ਆਲੋਚਨਾ ਕੀਤੇ ਜਾਣ ਦੇ ਬਾਅਦ ਸ਼ੁਰੂ ਕੀਤੀ। ਆਜ਼ਾਦ ਪੱਤਰਕਾਰ ਰਵਿੰਦਰ ਸਿੰਘ ਨੇ ਟਵੀਟ ਕਰ ਕੇ ਜ਼ਿਕਰ ਕੀਤਾ ਕਿ ਤਸਵੀਰਾਂ ਸ਼ਸ਼ਲ ਮੀਡੀਆ 'ਤੇ ਅਪਲੋਡ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਭਾਈਚਾਰੇ ਪ੍ਰਤੀ ਨਿਰਾਦਰ ਨੂੰ ਵੀ ਰੇਖਾਂਕਿਤ ਕੀਤਾ। ਸਿੰਘ ਨੇ ਆਪਣੀ ਪੋਸਟ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਵੀ ਟੈਗ ਕੀਤਾ। ਉਨ੍ਹਾਂ ਨੇ ਟਵੀਟ ਕੀਤਾ, 'ਪਾਕਿਸਤਾਨ ਵਿੱਚ ਕਰਤਾਰਪੁਰ ਸਾਹਿਬ ਵਿੱਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਔਰਤਾਂ ਦੇ ਕੱਪੜਿਆਂ ਲਈ



ਬਿਨਾਂ ਸਿਰ ਢੱਕੇ ਮਾਡਲਿੰਗ ਕਰ ਕੇ ਲਾਹੌਰ ਦੀ ਇੱਕ ਮਹਿਲਾ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।' ਗੁਰਦੁਆਰੇ ਵਿੱਚ ਆਪਣਾ ਸਿਰ ਢੱਕਣਾ ਜ਼ਰੂਰੀ ਹੈ ਅਤੇ ਇਸ ਨੂੰ ਇਸ ਪਵਿੱਤਰ ਸਥਾਨ ਪ੍ਰਤੀ ਸਨਮਾਨ ਦਿਖਾਉਣ ਦਾ ਇੱਕ ਤਰੀਕਾ ਮੰਨਿਆ ਜਾਂਦਾ ਹੈ। ਉੱਥੇ ਹੀ ਪੂਰੇ ਵਿਵਾਦ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਮੰਨਤ ਕਲੋਥਿੰਗ' ਬਰਾਂਡ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਮੁਆਫ਼ੀ ਮੰਗੀ ਅਤੇ ਇਸ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਦੇ ਅਕਾਊਂਟ 'ਤੇ ਪੋਸਟ ਕੀਤੀਆਂ ਗਈਆਂ ਤਸਵੀਰਾਂ ਉਨ੍ਹਾਂ ਵਲੋਂ ਕੀਤੇ ਗਏ ਕਿਸੇ ਵੀ ਫ਼ੋਟੋਸ਼ੂਟ ਦਾ ਹਿੱਸਾ ਸਨ। ਉਸ ਨੇ ਕਿਹਾ, 'ਇਹ ਤਸਵੀਰਾਂ ਸਾਨੂੰ ਇੱਕ ਥਰਡ ਪਾਰਟੀ (ਬਲਾਗਰ) ਨੇ ਮੁਹੱਈਆ ਕਰਾਈਆਂ ਸਨ, ਜਿਸ ਵਿੱਚ ਸਾਡਾ ਪਹਿਰਾਵਾ ਪਹਿਨਾਇਆ ਗਿਆ ਸੀ।' ਉਸ ਨੇ ਕਿਹਾ, 'ਹਾਲਾਂਕਿ ਅਸੀਂ ਆਪਣੀ ਗ਼ਲਤੀ ਮੰਨਦੇ ਹਾਂ ਕਿ ਸਾਨੂੰ ਇਸ ਸਮੱਗਰੀ ਨੂੰ ਪੋਸਟ ਨਹੀਂ ਕਰਨਾ ਚਾਹੀਦਾ ਸੀ ਅਤੇ ਅਸੀਂ ਹਰ ਉਸ ਵਿਅਕਤੀ ਤੋਂ ਮੁਆਫ਼ੀ ਮੰਗਦੇ ਹਾਂ, ਜਿਸ ਨੂੰ ਠੇਸ ਪੁੱਜੀ ਹੈ।' ਤਸਵੀਰਾਂ ਵਿੱਚ ਪੋਜ਼ ਦੇਣ ਵਾਲੀ ਮਾਡਲ/ਬਲਾਗਰ ਸੌਲੇਹਾ ਇਮਤਿਆਜ਼ ਨੇ ਵੀ ਮੁਆਫ਼ੀ ਮੰਗਦੇ ਹੋਏ ਕਿਹਾ, 'ਮੈਂ ਇਤਿਹਾਸ ਦੇ ਬਾਰੇ ਵਿੱਚ ਜਾਣਨ ਅਤੇ ਸਿੱਖ ਭਾਈਚਾਰੇ ਦੇ ਬਾਰੇ ਵਿੱਚ ਜਾਣਨ ਲਈ ਕਰਤਾਪੁਰ ਸਾਹਿਬ ਗਈ ਸੀ। ਇਹ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਕੀਤਾ ਗਿਆ ਸੀ।' ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਲਿਖਿਆ, 'ਹਾਲਾਂਕਿ ਜੇਕਰ ਮੈਂ ਕਿਸੇ ਨੂੰ ਠੇਸ ਪਹੁੰਚਾਈ ਹੈ ਜਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਦੇ ਸੱਭਿਆਚਾਰ ਦਾ ਸਨਮਾਨ ਨਹੀਂ ਕਰਦੀ ਤਾਂ ਮੈਂ ਮੁਆਫ਼ੀ ਮੰਗਦੀ ਹਾਂ। ਮੈਂ ਸਿੱਖ ਸੱਭਿਆਚਾਰ ਦਾ ਬਹੁਤ ਸਨਮਾਨ ਕਰਦੀ ਹਾਂ ਅਤੇ ਮੈਂ ਸਮੁੱਚੇ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਦੀ ਹਾਂ।'

# ਸਕੌਟਿਸ ਸਰਹੱਦ ਨੂੰ ਬੰਦ ਕਰਨਾ ਇੰਗਲੈਂਡ ਤੋਂ ਆਉਣ ਵਾਲੇ 'ਓਮੀਕਰੋਨ+ ਨੂੰ ਰੋਕਣ ਦਾ ਆਖਰੀ ਉਪਾਅ - ਨਿਕੋਲਾ ਸਟਰਜਨ


ਗਲਾਸਗੋ-ਸਕੌਟਲੈਂਡ ਵਿੱਚ ਕੋਰੋਨਾਵਾਇਰਸ ਦੇ ਨਵੇਂ ਰੂਪ 'ਓਮੀਕਰੋਨ' ਦੇ ਫ਼ੈਲਣ ਨੂੰ ਰੋਕਣ ਲਈ ਸਟਰਜਨ ਸਰਕਾਰ ਕਾਫ਼ੀ ਚਿੰਤਤ ਹੈ। ਫ਼ਸਟ ਮਨਿਸਟਰ ਨਿਕੋਲਾ ਸਟਰਜਨ ਨੇ ਚਿਤਾਵਨੀ ਦਿੰਦਿਆਂ ਦੱਸਿਆ ਹੈ ਕਿ 'ਓਮੀਕਰੋਨ' ਵੈਰੀਐਂਟ ਦੁਆਰਾ ਪੈਦਾ ਹੋਏ ਖ਼ਤਰੇ ਦਾ ਮੁਕਾਬਲਾ ਕਰਨ ਲਈ ਯਾਤਰਾ 'ਤੇ ਹੋਰ ਪਾਬੰਦੀਆਂ ਦੀ ਜ਼ਰੂਰਤ ਹੋ ਸਕਦੀ ਹੈ, ਜਿਸ ਤਹਿਤ ਇੰਗਲੈਂਡ



ਨਾਲ ਸਰਹੱਦ ਨੂੰ ਬੰਦ ਕਰਨਾ ਇੱਕ 'ਆਖਰੀ ਉਪਾਅ' ਹੋਵੇਗਾ।

ਇੰਗਲੈਂਡ ਵਿੱਚ ਇਸ ਨਵੇਂ ਕੋਵਿਡ-19 ਰੂਪ ਦੇ 2 ਮਾਮਲਿਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਯੂ.ਕੇ. ਸਰਕਾਰ ਦੁਆਰਾ ਨਵੀਆਂ ਯਾਤਰਾ ਪਾਬੰਦੀਆਂ ਲਗਾਈਆਂ ਜਾਣ 'ਤੇ ਸਟਰਜਨ ਨੇ ਜਾਣਕਾਰੀ ਦਿੱਤੀ ਹੈ ਕਿ ਵਾਇਰਸ ਤੋਂ ਸੁਰੱਖਿਆ ਲਈ ਸਕੌਟਲੈਂਡ ਵੀ ਯਾਤਰਾ ਪਾਬੰਦੀਆਂ ਲਗਾਏਗਾ, ਜਿਸ ਤਹਿਤ ਯੂ.ਕੇ. ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ ਪੀ. ਸੀ. ਆਰ. ਟੈਸਟ ਕਰਵਾਉਣ ਦੀ ਜ਼ਰੂਰਤ ਹੋਏਗੀ ਅਤੇ ਜਦੋਂ ਤਕ ਉਨ੍ਹਾਂ ਨੂੰ ਨਕਾਰਾਤਮਕ ਨਤੀਜਾ ਨਹੀਂ ਮਿਲਦਾ ਉਦੋਂ ਤਕ ਉਹ ਇਕਾਂਤਵਾਸ ਰਹਿਣਗੇ। ਇਹ ਨਿਯਮ ਹਰੇਕ 'ਤੇ ਲਾਗੂ ਹੋਵੇਗਾ, ਚਾਹੇ ਉਨ੍ਹਾਂ ਦੀ ਕੋਰੋਨਾ ਟੀਕਾਕਰਨ ਸਥਿਤੀ ਕੋਈ ਵੀ ਹੋਵੇ। ਜ਼ਿਕਰਯੋਗ ਹੈ ਕਿ ਸਕੌਟਲੈਂਡ ਅਤੇ ਇੰਗਲੈਂਡ ਵਿਚਕਾਰ ਸਰਹੱਦ ਪਾਰ ਦੀ ਯਾਤਰਾ 'ਤੇ ਪਹਿਲਾਂ ਵੀ ਮਹਾਂਮਾਰੀ ਦੌਰਾਨ ਪਾਬੰਦੀ ਲਗਾਈ ਗਈ ਸੀ, ਜਿਸ ਦੌਰਾਨ ਲੋਕਾਂ ਨੂੰ ਸਿਰਫ਼ ਜ਼ਰੂਰੀ ਕਾਰਨਾਂ ਜਿਵੇਂ ਕਿ ਸਿਹਤ ਸੰਭਾਲ, ਕੰਮ ਜਾਂ ਦੇਖਭਾਲ ਦੀਆਂ ਡਿਊਟੀਆਂ ਲਈ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

# ਕੇਜਰੀਵਾਲ ਦੇ ਧੋਖੇ ਤੇ ਝੂਠ ਤੋਂ ਸੁਚੇਤ ਰਹਿਣ ਪੰਜਾਬੀ- ਸਿਰਸਾ

ਨਵੀਂ ਦਿੱਲੀ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਕਾਲੀ ਦਲ ਦੇ ਕੌਮੀ ਬੁਲਾਰੇ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਆਪ' ਦੇ ਮੁੱਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਧੋਖੇ ਤੇ ਝੂਠ ਤੋਂ ਸੁਚੇਤ ਰਹਿਣ ਜੋ ਵੱਡੇ-ਵੱਡੇ ਵਾਅਦਿਆਂ ਨਾਲ ਪੰਜਾਬੀਆਂ ਨੂੰ ਵਰਗਲਾਉਣਾ ਚਾਹੁੰਦੇ ਹਨ ਜਦੋਂ ਕਿ ਦਿੱਲੀ ਦੇ ਲੋਕਾਂ ਪਹਿਲਾਂ ਹੀ ਕੌਮੀ ਰਾਜਧਾਨੀ ਵਿੱਚ ਇਨ੍ਹਾਂ ਦੀ ਨਾਕਸ ਕਾਰਗੁਜ਼ਾਰੀ ਦਾ ਖਮਿਆਜ਼ਾ ਭੁਗਤ ਰਹੇ ਹਨ। ਇਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ ਮਾੜੀ ਆਬੋਹਵਾ ਤੇ ਪ੍ਰਦੂਸ਼ਣ ਵਿੱਚ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਕਿਉਂਕਿ ਦਿੱਲੀ ਦਾ ਮੁੱਖ ਮੰਤਰੀ ਗੱਲਾਂ ਜ਼ਿਆਦਾ ਮਾਰਦਾ ਹੈ, ਟਵੀਟ ਬਹੁਤ ਕਰਦਾ ਹੈ ਪਰ ਕਾਰਗੁਜ਼ਾਰੀ ਜ਼ੀਰੋ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕੇਜਰੀਵਾਲ ਦਿੱਲੀ ਵਿੱਚ ਪ੍ਰਦੂਸ਼ਣ ਲਈ ਪੰਜਾਬ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਜਦੋਂ ਕਿ ਦਿੱਲੀ ਵਿੱਚ ਉਸ ਦਾ ਨਿਕੰਮਾਪਨ ਹੀ ਕੌਮੀ ਰਾਜਧਾਨੀ ਦੇ ਮਾੜੇ ਹਾਲਾਤਾਂ ਲਈ ਜ਼ਿੰਮੇਵਾਰ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਹੋਰ ਕਿਹਾ ਕਿ ਉਨ੍ਹਾਂ ਨੇ ਪੰਜਾਬੀਆਂ ਨੂੰ ਇਸ ਕਰ ਕੇ ਇਹ ਅਪੀਲ ਕੀਤੀ ਹੈ ਕਿ ਕਿਉਂਕਿ ਦਿੱਲੀ ਦੇ ਲੋਕਾਂ ਨੇ ਪਿਛਲੇ ਕੁਝ ਦਿਨਾਂ ਤੋਂ ਕੇਜਰੀਵਾਲ ਦੀ ਪੰਜਾਬ ਵਿੱਚ ਵਧੀ ਹੋਈ ਸਰਗਰਮੀ ਵੇਖੀ ਹੈ ਜਿਸ ਦੌਰਾਨ ਉਹ ਝੂਠ ਤੇ ਵੱਡੇ-ਵੱਡੇ ਵਾਅਦਿਆਂ ਨਾਲ ਪੰਜਾਬੀਆਂ ਨੂੰ ਮੂਰਖ ਬਣਾਉਣ ਦੇ ਏਜੰਡੇ 'ਤੇ ਕੰਮ ਕਰ ਰਿਹਾ ਹੈ। ਸ੍ਰੀ ਸਿਰਸਾ ਨੇ ਕੇਜਰੀਵਾਲ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਧੋਖੇ ਤੇ ਝੂਠ ਨਾਲ ਪੰਜਾਬੀਆਂ ਨੂੰ ਮੂਰਖ ਬਣਾਉਣ ਦੇ ਯਤਨ ਛੱਡ ਕੇ ਦਿੱਲੀ 'ਤੇ ਆਪਣਾ ਧਿਆਨ ਕੇਂਦਰਿਤ ਕਰਨ ਕਿਉਂਕਿ ਦਿੱਲੀ ਦੇ ਲੋਕਾਂ ਨੇ ਕੌਮੀ ਰਾਜਧਾਨੀ ਵਿੱਚ ਰਹਿਣ ਵਾਲੇ ਹਾਲਾਤ ਸੁਧਾਰਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੋਈ ਹੈ।

## ਚੀਨ 'ਚ ਵਿਦਿਆਰਥੀਆਂ ਨੂੰ ਸ਼ੀ ਜਿਨਪਿੰਗ ਦਾ 'ਅੰਧ ਭਗਤ' ਬਣਾਉਣ ਦੀਆਂ ਤਿਆਰੀਆਂ ਸ਼ੁਰੂ !

ਬੀਜਿੰਗ - ਚੀਨ ਨੇ ਛੋਟੇ-ਛੋਟੇ ਬੱਚਿਆਂ ਨੂੰ ਮਨੁੱਖੀ ਰੂਪ ਨਾਲ ਸ਼ੀ ਜਿਨਪਿੰਗ ਦਾ 'ਅੰਧ ਭਗਤ' ਬਣਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤੇ ਇਸ ਲਈ ਨਿੱਜੀ ਸਕੂਲਾਂ ਨੂੰ ਸਰਕਾਰੀ ਸਕੂਲਾਂ 'ਚ ਬਦਲਣ ਦੀ ਨੀਤੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਅਸਲ



'ਚ ਚੀਨ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ 'ਸ਼ੀ ਜਿਨਪਿੰਗ ਥਾਟ' ਸਿਖਾਉਣ ਲਈ ਨਿੱਜੀ ਸਕੂਲਾਂ ਦਾ ਰਾਸ਼ਟਰੀਕਰਨ ਕਰਨਾ ਚਾਹੁੰਦਾ ਹੈ ਪਰ ਇਸ ਨਾਲ ਗੁਣਵੱਤਾ ਵਾਲੀ ਸਿੱਖਿਆ ਨੂੰ ਨੁਕਸਾਨ ਹੋ ਸਕਦਾ ਹੈ। ਨਿੱਕੇਈ ਏਸ਼ੀਆ ਮੁਤਾਬਕ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਨੂੰ ਸਤੰਬਰ ਤੋਂ ਬਾਅਦ 'ਸ਼ੀ ਜਿਨਪਿੰਗ ਥਾਟ', ਰਾਸ਼ਟਰਪਤੀ ਦੀ ਰਾਜਨੀਤਕ ਵਿਚਾਰਧਾਰਾ ਨੂੰ ਪੜ੍ਹਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਨਿੱਜੀ ਸਕੂਲਾਂ ਨੂੰ ਪਬਲਿਕ ਸਕੂਲਾਂ 'ਚ ਬਦਲਣ ਤੋਂ ਪਲਾ ਲੱਗਦਾ ਹੈ ਕਿ ਸਰਕਾਰ ਵਫ਼ਾਦਾਰੀ ਤੇ ਕੰਟਰੋਲ ਨੂੰ ਮਜ਼ਬੂਤ ਕਰਨ ਲਈ ਸਕੂਲ ਵਰਗੇ ਸਥਾਨਾਂ ਦੀ ਭਾਲ ਕਰ ਰਹੀ ਹੈ।

ਨਿੱਕੇਈ ਏਸ਼ੀਆ ਮੁਤਾਬਕ ਇਸ ਮਹੀਨੇ ਦੀ ਸ਼ੁਰੂਆਤ 'ਚ ਸ਼ਾਨਕਸੀ ਦੇ ਅੰਤਰਦੇਸ਼ੀ ਸੂਬੇ ਦੇ ਸਿੱਖਿਆ ਅਧਿਕਾਰੀਆਂ ਨੇ ਕਿਹਾ ਕਿ ਉਹ ਜ਼ਰੂਰੀ ਸਿੱਖਿਆ ਮੁਹੱਈਆ ਕਰਨ ਵਾਲੇ ਨਿੱਜੀ ਸਕੂਲਾਂ ਦੇ ਸੰਚਾਲਕਾਂ ਨੂੰ ਆਪਣੀ ਜਾਇਦਾਦ ਸਥਾਨਕ ਸਰਕਾਰਾਂ ਨੂੰ ਦੇਣ ਤੇ ਪਬਲਿਕ ਸਕੂਲਾਂ 'ਚ ਬਦਲਣ ਲਈ ਉਤਸ਼ਾਹਿਤ ਕਰਨਗੇ। ਇਸ ਤੋਂ ਪਹਿਲਾਂ ਵੀ ਪਾਰਟੀ ਦੀ ਕੇਂਦਰੀ ਸੰਮਤੀ ਨੇ ਇੱਕ ਨਵੇਂ ਨੌਜਵਾਨ ਸੰਗਠਨ ਚਾਇਨੀਜ ਯੰਗ ਪਾਇਨੀਅਰਸ ਵਿਚਾਲੇ ਵਿੱਚਾਰਕ ਸਿੱਖਿਆ ਨੂੰ ਹੁੰਗਾਰਾ ਦੇਣ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਇਸ 'ਚ ਸ਼ੀ ਜਿਨਪਿੰਗ ਦਾ ਸਕੂਲਾਂ 'ਚ ਗੁਣਵੱਤਾ ਕਰਨ ਦਾ ਹੁਕਮ ਦਿੱਤਾ ਗਿਆ ਸੀ।

# ਮਥੁਰਾ ਦੇ ਇੱਕ ਬਜ਼ੁਰਗ ਨੇ ਕਰ ਦਿੱਤਾ ਕਮਾਲ, 70 ਸਾਲ ਦੀ ਉਮਰ 'ਚ ਬਣਾਇਆ ਅਨੋਖਾ ਰਿਕਾਰਡ

ਮਥੁਰਾ- ਕੀ ਤੁਸੀਂ ਸੂਰਜ ਨੂੰ ਇੱਕ ਘੰਟੇ ਤਕ ਨੰਗੀਆਂ ਅੱਖਾਂ ਨਾਲ ਵੇਖ ਸਕਦੇ ਹੋ ? ਤੁਸੀਂ ਇਸ ਨੂੰ ਅਸੰਭਵ ਕਹੋਗੇ ਪਰ ਕ੍ਰਿਸ਼ਨ ਦੀ ਨਗਰੀ ਮਥੁਰਾ ਦੇ ਬਜ਼ੁਰਗ ਨੇ ਅਜਿਹਾ ਕਰ ਵਿਖਾਇਆ ਹੈ। ਜਿਸ ਨੂੰ ਵੇਖ ਕੇ ਲੋਕ ਹੈਰਾਨ ਰਹਿ ਗਏ। ਬਜ਼ੁਰਗ ਨੇ ਬਿਨਾਂ ਪਲਕਾਂ ਝਪਕਾਏ ਲਗਾਤਾਰ ਇੱਕ ਘੰਟੇ ਤਕ ਸੂਰਜ ਨੂੰ ਵੇਖਿਆ। ਡਿਪਟੀ ਕਮਿਸ਼ਨਰ ਸੇਲਸ ਟੈਕਸ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ 70 ਸਾਲਾ ਮਹਿੰਦਰ ਸਿੰਘ ਵਰਮਾ ਨੇ ਇਸ ਤਰ੍ਹਾਂ ਇੱਕ ਨਵਾਂ ਰਾਸ਼ਟਰੀ ਰਿਕਾਰਡ ਬਣਾਇਆ ਹੈ। ਉਹ ਇੱਕ ਘੰਟੇ ਤਕ ਬਿਨਾਂ ਪਲਕਾਂ ਝਪਕਾਏ ਸੂਰਜ ਨੂੰ ਵੇਖਦੇ ਰਹੇ। ਇਸ ਤੋਂ ਬਾਅਦ ਵੀ ਵਰਮਾ ਦੀਆਂ ਅੱਖਾਂ ਠੀਕ ਹਨ, ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ। ਇਸ ਗੱਲ ਦੀ ਪੁਸ਼ਟੀ ਜ਼ਿਲ੍ਹਾ ਹਸਪਤਾਲ ਦੇ ਡਾ. ਸਚਿਨ ਕੇ. ਸ਼ਰਮਾ ਨੇ ਅੱਖਾਂ ਦੀ ਜਾਂਚ ਤੋਂ ਬਾਅਦ ਕੀਤੀ। ਇੱਕ ਘੰਟੇ ਤਕ ਸੂਰਜ ਨੂੰ ਵੇਖਣ ਦੌਰਾਨ ਗਲੋਬਲ ਰਿਕਾਰਡ ਐਂਡ ਰਿਸਰਚ ਫ਼ਾਊਂਡੇਸ਼ਨ ਦੀ ਇੱਕ ਟੀਮ ਅਤੇ




ਸਰਕਾਰੀ ਡਾਕਟਰ ਵੀ ਮੌਜੂਦ ਰਹੇ।

ਵਰਮਾ ਨੇ ਕਿਹਾ ਕਿ ਨੈਸ਼ਨਲ ਤੋਂ ਬਾਅਦ ਗਿੰਨੀਜ਼ ਵਰਲਡ ਰਿਕਾਰਡ 'ਚ ਆਪਣਾ ਨਾਂ ਦਰਜ ਕਰਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਚੁਣੌਤੀ ਦਿੱਤੀ ਹੈ ਕਿ ਦੁਨੀਆਂ ਵਿੱਚ ਕੋਈ ਵੀ ਉਨ੍ਹਾਂ ਦਾ ਮੁਕਾਬਲਾ ਕਦੇ ਵੀ ਨਹੀਂ ਕਰ ਸਕਦਾ ਹੈ। ਉਨ੍ਹਾਂ ਨੇ ਇਸ ਕਿਰਿਆ ਨੂੰ ਯੋਗ ਦੀ ਤਾਂਤਰਿਕ ਪ੍ਰਕਿਰਿਆ ਨਾਲ ਸਬੰਧਤ ਦੱਸਿਆ। ਉਨ੍ਹਾਂ ਕਿਹਾ ਕਿ ਇੱਕ ਘੰਟੇ ਦਾ ਰਿਕਾਰਡ ਬਣਾਉਣ ਤੋਂ ਪਹਿਲਾਂ 21 ਜਨਵਰੀ 2019 ਨੂੰ ਪ੍ਰਦੀਪ ਬੇਲਗਾਵੀ ਨੇ ਬਿਨਾਂ ਪਲਕਾਂ ਝਪਕਾਏ ਲਗਾਤਾਰ 10 ਮਿੰਟ ਤਕ ਸੂਰਜ ਨੂੰ ਵੇਖਣ ਦਾ ਰਿਕਾਰਡ ਬਣਾਇਆ ਸੀ। ਵਰਮਾ ਨੇ ਦੱਸਿਆ ਕਿ ਮੈਂ 21 ਸਾਲ ਪਹਿਲਾਂ ਗੁਰੂ ਬਾਲ ਮੁਕੰਦ ਮਹਾਰਾਜ ਤੋਂ ਪ੍ਰੇਰਣਾ ਲਈ। ਹਰ ਵਿਅਕਤੀ ਵਿੱਚ ਤੀਜਾ ਨੇਤਰ ਹੁੰਦਾ ਹੈ। ਹਰ ਵਿਅਕਤੀ ਸੂਰਜ ਨਾਲ ਅੱਖਾਂ ਮਿਲਾ ਸਕਦਾ ਹੈ। ਜਦੋਂ ਮੈਂ ਇਹ ਜਗਿਆਸਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਦੀਵੇ ਦੀ ਲੌਅ ਨਾਲ ਅੱਖ ਮਿਲਾਉਣ ਦਾ ਅਭਿਆਸ ਕਰੋ। 21 ਸਾਲ ਪਹਿਲਾਂ 5 ਸਾਲ ਤਕ ਦੀਵੇ ਦੀ ਲੌਅ ਨਾਲ ਅੱਖਾਂ ਮਿਲਾਈਆਂ। ਫ਼ਿਰ ਸੂਰਜ ਦੇ ਸਾਹਮਣੇ ਥੋੜ੍ਹੀ-ਥੋੜ੍ਹੀ ਅੱਖ ਮਿਲਾਉਣ ਲੱਗਾ। 7 ਸਾਲਾਂ ਤੋਂ ਰੋਜ਼ਾਨਾ ਸੂਰਜ ਦੇ ਸਾਹਮਣੇ ਅੱਖ ਖੋਲ੍ਹ ਕੇ ਬੈਠਦਾ ਹਾਂ। ਮੇਰੀ ਅੱਖ ਵਿੱਚ ਕੋਈ ਦਿੱਕਤ ਨਹੀਂ ਹੈ।

## ਬ੍ਰਿਟਿਸ਼ ਕੋਲੰਬੀਆ 'ਚ ਮਾਪਿਆਂ ਦੇ ਇਕਲੌਤੇ ਪੁੱਤ ਰਾਜਨਬੀਰ ਸਿੰਘ ਦੀ ਸੜਕ ਹਾਦਸੇ 'ਚ ਮੌਤ



ਬਰੈਂਪਟਨ - ਬੀਤੇ ਦਿਨੀਂ 26 ਨਵੰਬਰ ਵਾਲੇ ਦਿਨ ਬ੍ਰਿਟਿਸ਼ ਕੋਲੰਬੀਆ ਪ੍ਰਿੰਸਟਨ ਹਾਈਵੇ 3 'ਤੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਪੰਜਾਬੀ ਮੂਲ ਦੇ 22 ਸਾਲਾ ਨੌਜਵਾਨ ਰਾਜਨਬੀਰ ਸਿੰਘ ਗਿੱਲ ਦੀ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਰਾਜਨਬੀਰ ਸਿੰਘ 2018 'ਚ ਭਾਰਤ ਤੋਂ ਕੈਨੇਡਾ ਆਇਆ ਸੀ ਤੇ ਹੁਣ ਉਹ ਵਰਕ ਪਰਮਿਟ ਉੱਤੇ ਸੀ।

ਟਰੱਕ ਹਾਦਸੇ 'ਚ ਰਾਜਨਬੀਰ ਸਿੰਘ ਗੰਭੀਰ ਰੂਪ 'ਚ ਫ਼ੱਟੜ ਹੋ ਗਿਆ ਸੀ, ਜਿਸ ਨੂੰ ਗੰਭੀਰ ਹਾਲਤ 'ਚ ਸਥਾਨਕ ਪ੍ਰਿੰਸਟਨ ਦੇ ਜਨਰਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਹ ਆਪਣੀ ਜ਼ਿੰਦਗੀ ਦੀ ਜੰਗ ਹਾਰ ਗਿਆ ਅਤੇ ਉਸ ਦੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਰਾਜਨਬੀਰ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਹ ਇੱਥੇ ਆਪਣੇ ਰਿਸਤੇਦਾਰ ਕੋਲ ਬਰੈਂਪਟਨ (ਕੈਨੇਡਾ) ਵਿਖੇ ਰਹਿੰਦਾ ਰਹਿੰਦਾ ਸੀ।

# ਕੋਰੋਨਾ ਦੇ ਨਵੇਂ ਰੂਪ 'ਓਮੀਕ੍ਰੋਨ' ਨੂੰ ਲੈ ਕੇ ਨੇ ਜਾਰੀ ਕੀਤੀ 'ਹਾਈ ਰਿਸਕ' ਦੀ ਚਿਤਾਵਨੀ

ਜਨੇਵਾ - ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਨੇ ਕੋਰੋਨਾਵਾਇਰਸ ਦੇ ਨਵੇਂ ਵੇਰੀਐਂਟ 'ਓਮੀਕ੍ਰੋਨ' ਨੂੰ ਲੈ ਕੇ 'ਹਾਈ ਰਿਸਕ' ਦੀ ਚਿਤਾਵਨੀ ਜਾਰੀ ਕੀਤੀ ਹੈ। ਡਬਲਿਊ.ਐੱਚ.ਓ. ਦਾ ਕਹਿਣਾ ਹੈ ਓਮੀਕ੍ਰੋਨ ਤੋਂ ਜ਼ੋਖ਼ਮ ਬਹੁਤ ਜ਼ਿਆਦਾ ਹੈ। ਇਸ ਦੇ ਦੁਨੀਆਂ ਭਰ ਵਿੱਚ ਫ਼ੈਲਣ ਦਾ ਸ਼ੱਕ ਹੈ। ਉੱਥੇ ਹੀ ਕੁਝ ਖੇਤਰਾਂ ਵਿੱਚ ਇਸ ਦੇ ਗੰਭੀਰ ਨਤੀਜੇ ਤਕ ਦੇਖਣ ਨੂੰ ਮਿਲ ਸਕਦੇ ਹਨ। ਸੰਯੁਕਤ ਰਾਸ਼ਟਰ ਦੀ ਹੈੱਲਥ ਏਜੰਸੀ ਨੇ ਇੱਕ ਟੈਕਨੀਕਲ ਨੋਟ ਜਾਰੀ ਕੀਤਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਓਮੀਕ੍ਰੋਨ ਦੇ ਮਾਮਲਿਆਂ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲ ਸਕਦਾ ਹੈ। ਜੇਕਰ ਅਜਿਹਾ ਹੋਇਆ ਤਾਂ ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਡਬਲਿਊ.ਐੱਚ.ਓ. ਨੇ ਕਿਹਾ ਕਿ ਓਮੀਕ੍ਰੋਨ ਦੇ ਸਪਾਈਕ ਪ੍ਰੋਟੀਨ ਵਿੱਚ ਬਹੁਤ ਤਬਦੀਲੀ ਹੋਈ ਹੈ, ਜੋ ਚਿੰਤਾ ਦੀ ਗੱਲ ਹੈ।

ਇਸ ਤੋਂ ਪਹਿਲਾਂ ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਨੇ ਕਿਹਾ ਸੀ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਕੀ ਕੋਰੋਨਾਵਾਇਰਸ ਦਾ ਨਵਾਂ ਵੈਰੀਐਂਟ 'ਓਮੀਕ੍ਰੋਨ', ਡੈਲਟਾ ਵੈਰੀਐਂਟ ਸਮੇਤ ਹੋਰ ਵੈਰੀਐਂਟਾਂ ਦੀ ਤੁਲਨਾ ਵਿੱਚ ਜ਼ਿਆਦਾ ਛੂਤਕਾਰੀ ਹੈ ਅਤੇ ਕੀ ਇਹ ਮੁਕਾਬਲਾਤਨ ਜ਼ਿਆਦਾ ਗੰਭੀਰ ਬਿਮਾਰੀ ਦਾ ਕਾਰਨ ਹੈ। ਡਬਲਿਊ.ਐੱਚ.ਓ. ਨੇ ਕਿਹਾ ਸੀ, 'ਇਸ ਬਾਰੇ ਵਿੱਚ ਕੋਈ ਜਾਣਕਾਰੀ ਉਪਬਲੱਧ ਨਹੀਂ ਹੈ, ਜੋ ਇਹ ਦੱਸਦੀ ਹੋਵੇ ਕਿ ਓਮੀਕ੍ਰੋਨ ਨਾਲ ਜੁੜੇ ਲੱਛਣ ਹੋਰ ਵੈਰੀਐਂਟਾਂ ਦੀ ਤੁਲਨਾ ਵਿੱਚ ਵੱਖ ਹੈ।' ਉਸ ਨੇ ਕਿਹਾ ਸੀ ਕਿ ਓਮੀਕ੍ਰੋਨ ਵੈਰੀਐਂਟ ਦੀ ਗੰਭੀਰਤਾ ਦਾ ਪੱਧਰ ਸਮਝਣ ਵਿੱਚ ਕਈ ਦਿਨਾਂ ਤੋਂ ਲੈ ਕੇ ਕਈ ਹਫ਼ਤਿਆਂ ਤਕ ਦਾ ਸਮਾਂ ਲੱਗੇਗਾ। ਡਬਲਿਊ.ਐੱਚ.ਓ. ਨੇ ਦੁਨੀਆਂ ਭਰ ਦੇ ਹੋਰ ਦੇਸ਼ਾਂ ਨੂੰ ਅਪੀਲ ਕੀਤੀ ਸੀ ਕਿ ਉਹ ਓਮੀਕ੍ਰੋਨ ਨੂੰ ਲੈ ਕੇ ਚਿੰਤਾ ਕਾਰਨ ਦੱਖਣੀ ਅਫ਼ਰੀਕੀ ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ 'ਤੇ ਪਾਬੰਦੀਆਂ ਨਾ ਲਗਾਉਣ।

# ਬਾਰਬਾਡੋਸ ’ਚ ਮਹਾਰਾਣੀ ਐਲਿਜ਼ਾਬੈੱਥ ਦੂਜੀ ਦਾ ਸ਼ਾਸਨ ਖ਼ਤਮ, ਬਣਿਆ 55ਵਾਂ ਗਣਤੰਤਰ ਦੇਸ਼

ਬਾਰਬਾਡੋਸ - ਕੈਰੇਬੀਅਨ ਟਾਪੂਆਂ ਦੇ ਪ੍ਰਮੁੱਖ ਦੇਸ਼ ਬਾਰਬਾਡੋਸ ਵਿੱਚ ਹੁਣ ਐਲਿਜ਼ਾਬੈੱਥ ਦੂਜੀ ਦਾ ਸ਼ਾਸਨ ਖ਼ਤਮ ਹੋ ਗਿਆ ਹੈ ਮਤਲਬ ਮਹਾਰਾਣੀ ਐਲਿਜ਼ਾਬੈੱਥ ਦੂਜੀ ਹੁਣ ਇਸ ਦੇਸ਼ ਦੀ ਪ੍ਰਧਾਨ ਨਹੀਂ ਰਹੇਗੀ। ਕੁੱਲ ਮਿਲਾ ਕੇ ਬਾਰਬਾਡੋਸ ਵਿੱਚ ਬਸਤੀਵਾਦ ਕਾਲ ਦਾ ਅੰਤ ਹੋਇਆ ਹੈ। ਇਹ ਦੇਸ਼ ਹੁਣ ਪੂਰੀ ਤਰ੍ਹਾਂ ਗਣਤੰਤਰ ਹੋ ਗਿਆ ਹੈ।

ਸੈਂਡ੍ਰਾ ਮੇਸਨ ਹੁਣ ਬਾਰਬਾਡੋਸ ਦੀ ਗਵਰਨਰ ਜਨਰਲ ਹੋਵੇਗੀ, ਜਿਨ੍ਹਾਂ ਦੀ ਨਿਯੁਕਤੀ ਮਹਾਰਾਣੀ ਐਲਿਜ਼ਾਬੈੱਥ ਦੂਜੀ ਨੇ ਹੀ ਕੀਤੀ ਹੈ। ਮੇਸਨ ਅਟਾਰਨੀ ਅਤੇ ਜੱਜ ਵੀ ਰਹੀ ਹੈ। ਉਨ੍ਹਾਂ ਨੇ ਵੈਨੇਜ਼ੂਏਲਾ, ਕੋਲੰਬੀਆ, ਚਿਲੀ ਅਤੇ ਬ੍ਰਾਜ਼ੀਲ ਦੇ ਰਾਜਦੂਤ ਦੇ ਤੌਰ ’ਤੇ ਵੀ ਕੰਮ ਕੀਤਾ ਹੈ। ਉਹ ਰਾਤ ਨੂੰ ਸਹੁੰ ਚੁੱਕੀ। ਇਸ ਤਰ੍ਹਾਂ ਬਾਰਬਾਡੋਸ ਬ੍ਰਿਟੇਨ ਤੋਂ ਵੱਖ ਹੋ ਕੇ 55ਵਾਂ ਗਣਤੰਤਰ ਦੇਸ਼ ਬਣ ਗਿਆ ਹੈ। ਇਸ ਕੰਮ ਲਈ ਕਰੀਬ ਇੱਕ ਮਹੀਨੇ ਤੋਂ ਤਿਆਰੀ ਚੱਲ ਰਹੀ ਸੀ। ਬਾਰਬਾਡੋਸ ਬ੍ਰਿਟਿਸ਼ ਕਾਲੋਨੀ ਦੇ ਤੌਰ ’ਤੇ ਆਪਣੀ ਪਛਾਣ ਰੱਖਦਾ ਸੀ। ਉਸ ਨੂੰ ‘ਲਿਟਿਲ ਇੰਗਲੈਂਡ‘ ਦੇ ਤੌਰ ’ਤੇ ਜਾਣਿਆ ਜਾਂਦਾ ਸੀ।



ਬਾਰਬਾਡੋਸ ਨੇ 2 ਤਿਹਾਈ ਵੋਟਾਂ ਨਾਲ ਆਪਣਾ ਪਹਿਲਾ ਰਾਸ਼ਟਰਪਤੀ ਚੁਣਿਆ ਹੈ। ਇਸ ਤੋਂ ਪਹਿਲਾਂ ਕੱਲ੍ਹ ਰਾਤ ਲੋਕ ਟੀ.ਵੀ. ਅਤੇ ਰੇਡੀਓ ’ਤੇ ਲਗਾਤਾਰ ਇਸ ਗੱਲ ਨੂੰ ਸੁਣ ਰਹੇ ਸਨ, ਉੱਥੇ ਬਾਰਬਾਡੋਸ ਦੇ ਮਸ਼ਹੂਰ ਸਕਵਾਇਰ ’ਤੇ ਵੀ ਕਈ ਲੋਕ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਸਨ, ਜਿੱਥੇ ਪਿਛਲੇ ਸਾਲ ਹੀ ਬ੍ਰਿਟਿਸ਼ ਲਾਰਡ ਦਾ ਬੁੱਤ ਹਟਾਇਆ ਗਿਆ ਸੀ। ਇਸ ਇਤਿਹਾਸਿਕ ਪਲ ਦੇ ਬਾਅਦ ਇੱਥੇ ਰਹਿਣ ਵਾਲੇ ਲੋਕ ਵੀ ਕਾਫ਼ੀ ਖੁਸ਼ ਨਜ਼ਰ ਆਏ। ਡੇਨਿਸ ਐਡਵਰਡ ਕਾਫ਼ੀ ਖੁਸ਼ ਨਜ਼ਰ ਆਏ। ਡੇਨਿਸ ਪੇਸ਼ੇ ਤੋਂ ਪ੍ਰਾਪਰਟੀ ਮੈਨੇਜਰ ਹਨ। ਉਨ੍ਹਾਂ ਨੇ ਕਿਹਾ ਕਿ ਉਹ ਗੁਯਾਨਾ ਵਿੱਚ ਪੈਦਾ ਹੋਏ ਪਰ ਉਹ ਬਾਰਬਾਡੋਸ ਵਿੱਚ ਰਹਿੰਦੇ ਹਨ। ਉਹ ਆਪਣੇ ਬੇਟੇ ਨੂੰ ਇਹ ਇਤਿਹਾਸਕ ਪਲ ਦਿਖਾਉਣ ਲਈ ਇੱਥੇ ਲਿਆਉਣਗੇ।

ਬਾਰਬਾਡੋਸ ਦੇ ਗਣਤੰਤਰ ਹੋਣ ਦੇ ਸਨਮਾਨ ਵਿੱਚ ਪ੍ਰਿੰਸ ਚਾਰਲਸ ਮੌਜੂਦ ਰਹਿਣਗੇ। ਉਹ ਐਤਵਾਰ ਨੂੰ ਬਾਰਬਾਡੋਸ ਪਹੁੰਚਣਗੇ। ਇਸ ਦੌਰਾਨ ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਵੀ ਦਿੱਤੀ ਜਾਵੇਗੀ। ਬਾਰਬਾਡੋਸ ਦੀ ਆਬਾਦੀ ਦੀ ਗੱਲ ਕਰੀਏ ਤਾਂ ਇੱਥੇ 3 ਲੱਖ ਤੋਂ ਵੱਧ ਲੋਕ ਰਹਿੰਦੇ ਹਨ ਜੋ ਕੈਰੇਬੀਅਨ ਦੇਸ਼ਾਂ ਵਿੱਚ ਸਭ ਤੋਂ ਅਮੀਰ ਮੰਨਿਆ ਜਾਂਦਾ ਹੈ। ਇੱਥੋਂ ਦੀ ਅਰਥ-ਵਿਵਸਥਾ ਟੂਰਿਜ਼ਮ ’ਤੇ ਨਿਰਭਰ ਹੈ। ਕੈਰੇਬੀਅਨ ਦੇਸ਼ਾਂ ਵਿੱਚ 1970 ਦੇ ਬਾਅਦ ਅਜਿਹਾ ਹੋਣ ਜਾ ਰਿਹਾ ਹੈ। ਇਸ ਤੋਂ ਪਹਿਲਾਂ ਗੁਯਾਨਾ, ਡੋਮਨਿਕਾ, ਤ੍ਰਿਨਿਦਾਦ ਅਤੇ ਟੋਬੈਗੋ ਹੀ ਗਣਤੰਤਰ ਹੋਏ ਸਨ।

ਉਂਝ ਤਾਂ ਬਾਰਬਾਡੋਸ ਯੂ.ਕੇ. ਤੋਂ 1966 ਵਿੱਚ 300 ਸਾਲਾਂ ਦੀ ਗੁਲਾਮੀ ਦੇ ਬਾਅਦ ਆਜ਼ਾਦ ਹੋ ਗਿਆ ਸੀ। 2005 ਵਿੱਚ ਬਾਰਬਾਡੋਸ ਨੇ ਤ੍ਰਿਨਿਦਾਦ ਸਥਿਤ ਕੈਰੇਬੀਅਨ ਕੋਰਟ ਔਫ਼ ਜਸਟਿਸ ਵਿੱਚ ਇਸ ਗੱਲ ਦੀ ਅਪੀਲ ਕੀਤੀ ਅਤੇ ਲੰਡਨ ਸਥਿਤ ਪ੍ਰਿਵੀ ਕੌਂਸਲ ਨੂੰ ਹਟਾ ਦਿੱਤਾ। ਸਾਲ 2008 ਵਿੱਚ ਉਸ ਨੇ ਖ਼ੁਦ ਨੂੰ ਗਣਤੰਤਰ ਬਣਾਉਣ ਦਾ ਪ੍ਰਸਤਾਵ ਰੱਖਿਆ। ਪਰ ਇਸ ਪ੍ਰਸਤਾਵ ਨੂੰ ਅਨਿਸ਼ਚਿਤ ਸਮੇਂ ਲਈ ਟਾਲ ਦਿੱਤਾ ਗਿਆ। ਪਿਛਲੇ ਸਾਲ ਨੈਸ਼ਨਲ ਹੀਰੋ ਸਕਵਾਇਰ ਤੋਂ ਬ੍ਰਿਟਿਸ਼ ਵਾਈਸ ਐਡਮਿਰਲ ਦਾ ਬੁੱਤ ਹਟਾ ਦਿੱਤਾ ਗਿਆ।



# ਘਰ ਉਦਾਸ ਹੈ



ਪਰਦੇਸ ਤੋਂ ਘਰ ਨੂੰ ਅਤੇ ਆਪਣਿਆਂ ਨੂੰ ਮਿਲਣ ਲਈ ਦੇਸ਼ ਪਰਤਦਾ ਹਾਂ। ਪਿੰਡ ਰਹਿੰਦੇ ਬਾਪ ਦੀਆਂ ਅਸੀਸਾਂ ਮੇਰਾ ਹਾਸਲ ਅਤੇ ਉਸ ਦੀਆਂ ਨਸੀਹਤਾਂ ਮੇਰੇ ਲਈ ਉਚਤਮ ਅਸ਼ੀਰਵਾਦ। ਖੁੱਲ੍ਹਾ ਘਰ ਮੈਨੂੰ ਗਲ ਨਾਲ ਲਾਉਂਦਾ, ਸਦਕੇ ਜਾਂਦਾ ਅਤੇ ਬਰੂਹਾਂ ਵਿਚ ਸਿੰਮੇ ਅੱਥਰੂਆਂ ਨੂੰ ਰਾਹਤ ਮਿਲਦੀ। ਘਰ ਦੀਆਂ ਕੰਧਾਂ ਹੁੰਗਾਰੇ ਭਰਦੀਆਂ, ਕਮਰੇ ਵਿਚਲੀ ਗੱਲਬਾਤ ਇਸ ਨੂੰ ਸੰਜੀਵ ਕਰਦੀ। ਘਰ ਫਿਰ ਤੋਂ ਸੱਚੀ-ਮੁੱਚੀਂ ਦਾ ਘਰ ਬਣ ਜਾਂਦਾ, ਕਿਉਂਕਿ ਘਰ ਨੂੰ ਪਰਤਦੀਆਂ ਪੈੜਾਂ ਵਿਚ ਆਪਣਿਆਂ ਨੂੰ ਮਿਲਣ ਅਤੇ ਵਿਸਮਾਦੀ ਪਲ ਮਾਣਨ ਦੀ ਤਮੰਨਾ ਤੇ ਉਤਸ਼ਾਹ ਜੁ ਹੁੰਦਾ। ਘਰ ਆਪਣੇ ਸੱਚੇ-ਸੁੱਚੇ ਅਰਥਾਂ ਵਿਚ ਜਿਉਂਦਾ ਹੋ ਜਾਂਦਾ, ਜੋ ਅਲਸਾਇਆ ਅਤੇ ਨਿੰਮੋਝੂਣਾ, ਆਪਣੀ ਹੋਂਦ ਦੀ ਤ੍ਰਾਸਦੀ ਨੂੰ ਕਿਆਸਣ ਵਿਚ ਰੁੱਝਾ ਹੁੰਦਾ।

ਘਰ ਦੀ ਖੁੱਲ੍ਹੀ ਫਿਜ਼ਾ ਵਿਚ ਸਾਹ ਲੈਣਾ, ਹਰ ਪਰਤ ਨੂੰ ਫਰੋਲਣਾ ਅਤੇ ਇਸ ਦੀ ਸਮੁੱਚਤਾ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਮੇਰਾ ਸੁੱਚਾ ਕਰਮ। ਘਰ ਦੀ ਸਿਰਜਣਾ ਦਾ ਸਮੁੱਚਾ ਸਫਰ ਜਦ ਮਨ-ਮਸਤਕ ਵਿਚ ਪੁਨਰ ਸੰਜੀਵ ਹੁੰਦਾ ਤਾਂ ਇਕ ਸਕੂਨ ਤੇ ਰਾਹਤ ਮਨ-ਜੂਹ ਦੇ ਨਾਮ ਹੁੰਦੀ।

ਪਰ ਅੱਜ ਕਲ ਘਰ ਬਹੁਤ ਉਦਾਸ ਹੈ। ਬੱਚਿਆਂ ਦੀਆਂ ਕਿਲਕਾਰੀਆਂ ਅਤੇ ਉਨ੍ਹਾਂ ਦੀਆਂ ਖੇਡਾਂ 'ਚ ਖਿਡੌਣਾ ਬਣਨ ਵਾਲੇ ਘਰ ਵਿਚ ਸੁੰਨ ਏ। ਬੱਚਿਆਂ ਦੀ ਸੁਪਨ-ਉਡਾਣ ਅਤੇ ਪਰਵਾਜ਼-ਸਫਰ, ਇਕ ਕਹਾਣੀ ਵਾਂਗ ਇਸ ਦੀਆਂ ਕੰਧਾਂ 'ਤੇ ਚਿਪਕਿਆ ਹੋਇਆ ਏ, ਜੋ ਘਰ ਲਈ ਇਕ ਹਾਸਲ। ਪਰ ਘਰ ਚਾਹੁੰਦਾ ਏ ਕਿ ਕਦੇ ਕਦਾਈਂ ਘਰ ਨੂੰ ਘਰ ਦਾ ਰੁਤਬਾ ਦਿਤਾ ਜਾਵੇ, ਪਰ ਬੱਚਿਆਂ ਦੇ ਰੁਝੇਵੇਂ ਅਤੇ ਘਰ-ਪਰਵਾਸ ਨੇ ਘਰ ਦੀਆਂ ਨੀਂਹਾਂ 'ਚ ਸਿੱਲ ਉਤਾਰ ਦਿਤੀ ਏ। ਘਰ ਦੀਆਂ ਦੀਵਾਰਾਂ 'ਤੇ ਲਟਕਦੀਆਂ ਤਸਵੀਰਾਂ ਵੀ ਖਾਮੋਸ਼ ਨੇ। ਕੁਝ ਤਾਂ ਅਲਮਾਰੀਆਂ/ਪੇਟੀਆਂ ਵਿਚ ਸੰਭਾਲ ਦਿਤੀਆਂ ਨੇ ਤਾਂ ਜੋ ਉਨ੍ਹਾਂ ਵੱਲ ਤੱਕਣ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ।

ਘਰ, ਦਰਅਸਲ ਦੋ ਘਰਾਂ ਵਿਚ ਤਕਸੀਮ ਹੋ ਗਿਆ ਏ। ਇਕ ਘਰ ਜੋ ਕਿਰਸ ਕਰਕੇ ਆਪਣੀ ਜਨਮ-ਭੂਮੀ 'ਤੇ ਬਣਾਇਆ ਸੀ। ਇੱਟਾਂ-ਪੱਥਰਾਂ ਵਿਚ ਧੜਕਣ ਪੈਦਾ ਕੀਤੀ ਅਤੇ ਇਸ ਵਿਚੋਂ ਹੀ ਜ਼ਿੰਦਗੀ ਨੂੰ ਪਰਿਭਾਸ਼ਤ ਕੀਤਾ। ਇਕ ਹੋਰ ਘਰ ਜੋ ਸਾਡੀ ਕਰਮ-ਭੂਮੀ ਵਿਚ ਏ, ਜਿਸ ਨੇ ਸਾਨੂੰ ਰੋਜ਼ਗਾਰ ਦਿਤਾ ਅਤੇ ਲਿਆਕਤ ਨੂੰ ਸੁਚਾਰੂ ਤੇ ਉਸਾਰੂ ਪਾਸੇ ਲਾਉਣ ਦੀ ਜੁਗਤ ਤੇ ਸਾਧਨ ਦਿੱਤੇ। ਵਿਦੇਸ਼ ਵਿਚਲਾ ਘਰ ਇਕ ਰੈਣ-ਬਸੇਰਾ। ਮਾਨਸਿਕ ਜਾਂ ਰੂਹਾਨੀ ਸਾਂਝ ਤੋਂ ਵਿਰਵਾ ਕਿਉਂਕਿ ਉਸ ਦੀ ਹਰ ਵਸਤ ਵਿਚੋਂ ਇਕ ਮਕਾਨਕੀ ਜੀਵਨ-ਸ਼ੈਲੀ ਦਾ ਝਉਲਾ। ਇਸ ਨਾਲ ਅੰਦਰੋਂ ਸ਼ਿੱਦਤ ਨਾਲ ਨਾ ਜੁੜਨਾ, ਮਨ ਵਿਚ ਕਈ ਪ੍ਰਸ਼ਨ ਪੈਦਾ ਕਰਦਾ, ਪਰ ਇਹ ਵੀ ਘਰ ਤੇ ਦੇਸ਼ ਵਿਚਲਾ ਵੀ ਘਰ ਹੀ ਅਖਵਾਉਂਦਾ। ਘਰ ਦੇ ਅਰਥਾਂ ਦੀ ਅਸੀਮਤਾ, ਆਪਣੀ ਜਨਮ-ਭੂਮੀ ਨਾਲ ਹੀ ਜੁੜਦੀ। ਤਾਂ ਹੀ ਜੀਅ ਕਰਦਾ ਆਪਣੇ ਦੇਸ਼ ਨੂੰ ਪਰਤ, ਘਰ ਅਤੇ ਜਨਮ-ਮਿੱਟੀ ਨੂੰ ਨਤਮਸਤਕ ਹੋਣ ਨੂੰ।

ਮੇਰਾ ਸੰਵੇਦਨਸ਼ੀਲ ਮਿੱਤਰ ਕਹਿੰਦਾ ਏ ਕਿ ਤੈਨੂੰ ਹੁਣ ਦੇਸ਼ ਵਿਚ ਰਹਿਣ ਨਾਲੋਂ ਵਿਦੇਸ਼ ਨੂੰ ਪਰਤਣ ਦੀ ਕਾਹਲ ਏ। ਤੇਰਾ ਹੇਰਵਾ ਪਿੱਛਲਖੁਰੀ ਹੋ ਗਿਆ ਏ। ਸੋਚਦਾ ਹਾਂ ਕਿ ਸ਼ਾਇਦ ਇਹ ਸੱਚ ਹੀ ਹੋਵੇ ਕਿਉਂਕਿ ਜਦ ਸ਼ਹਿਰ ਵਿਚ ਰਹਿਣ ਵਾਲਿਆਂ ਨੂੰ ਪਿੰਡ ਪਛਾਣਨ ਤੋਂ ਆਕੀ ਹੋ ਜਾਵੇ, ਵਿਦੇਸ਼ ਵਿਚ ਰਹਿੰਦਿਆਂ ਨੂੰ ਦੇਸ਼ ਪਰਤਣ 'ਤੇ ਲੋਕ ਅੱਖ ਬਚਾਉਣ ਲੱਗ ਪੈਣ ਅਤੇ ਉਨ੍ਹਾਂ ਦੀ ਹਰ ਗੱਲ-ਕੱਥ ਵਿਚੋਂ ਨਿੱਜੀ ਸੁਆਰਥ ਦੀ ਬਦਬੂ ਆਣ ਲੱਗ ਪਵੇ ਤਾਂ ਪਰਦੇਸ ਗਿਆਂ ਦਾ ਘਰਾਂ ਨੂੰ ਪਰਤਣਾ ਬਹੁਤ ਔਖਾ ਹੋ ਜਾਂਦਾ। ਜਦ ਪਰਦੇਸੀ ਆਪਣੇ ਘਰਾਂ ਨੂੰ ਨਹੀਂ ਪਰਤਦੇ ਤਾਂ ਘਰ ਬਹੁਤ ਉਦਾਸ, ਹਤਾਸ਼ ਅਤੇ ਨਿਰਾਸ਼ ਹੋ ਜਾਂਦਾ। ਇਹ ਪਰਵਾਸ ਪਿੰਡ ਤੋਂ ਨਗਰ/ਮਹਾਂਨਗਰ ਦਾ ਹੋਵੇ ਜਾਂ ਦੇਸ਼ ਤੋਂ ਪਰਦੇਸ ਦਾ ਹੋਵੇ। ਜਦ ਪਰਵਾਸੀਆਂ ਦੇ ਪੱਲੇ ਨਿਰਾਸ਼ਾ ਪੈਣ ਲੱਗ ਪਵੇ ਤਾਂ ਸਮਾਜਿਕ ਤੰਦਾਂ ਤਿੜਕਣ ਤੋਂ ਕਿਵੇਂ ਬਚਣਗੀਆਂ? ਰਿਸ਼ਤਿਆਂ ਵਿਚਲੀ ਕਚਿਆਈ ਅਤੇ ਸਵਾਰਥ ਨੇ ਹੀ ਗੰਢਾਂ ਨੂੰ ਜਨਮ ਦੇਣਾ ਹੁੰਦਾ।

ਘਰ ਬਹੁਤ ਉਦਾਸ ਹੋ ਜਾਂਦਾ ਜਦ ਵਾਪਸ ਪਰਤਣ ਦੇ ਦਿਨਾਂ ਦੀ ਗਿਣਤੀ ਸੁੰਗੜਦੀ। ਤੁਸੀਂ ਹਰ ਵਸਤ ਨੂੰ ਸੰਭਾਲਣ ਵਿਚ ਰੁੱਝਦੇ ਤਾਂ ਘਰ ਦੇ ਨੈਣਾਂ ਵਿਚਲੇ ਖੇੜੇ ਦੀ ਥਾਂ ਉਦਾਸੀ ਦੀ ਪਰਤ ਪਰਤਣੀ ਸ਼ੁਰੂ ਹੋ ਜਾਂਦੀ। ਘਰ ਦੀਆਂ ਕੰਧਾਂ ਵਿਚ ਚੁੱਪ ਦਾ ਵਾਸ ਹੋ ਜਾਂਦਾ ਅਤੇ ਕਮਰੇ ਵਿਚਲੀ ਚਹਿਲ-ਪਹਿਲ ਖਾਮੋਸ਼ੀ ਦਾ ਰੂਪ ਧਾਰ ਘਰ ਵਿਚ ਫੈਲ ਜਾਂਦੀ। ਘਰ ਨੂੰ ਫਿਰ ਤੋਂ ਬੰਦ ਦਰਾਂ ਦਾ ਦਰਦ ਸਹਿਣ ਲਈ ਤਿਆਰ ਹੋਣ ਦੇ ਰਾਹ ਪੈਣਾ ਪੈਂਦਾ। ਘਰ ਵਿਚਲੀ ਹਰ ਵਸਤ ਗੁੰਮ ਸੁੰਮ ਹੋ ਜਾਂਦੀ। ਘਰ ਦੀ ਇਸ ਮਾਨਵੀ ਚੁੱਪ ਅਤੇ ਸੰਵੇਦਨਾ ਵਿਚ ਗੁੰਮ ਹੋ, ਜਦ ਵਾਪਸ ਪਰਦੇਸ ਜਾਣ ਲਈ ਮੈਂ ਘਰੋਂ ਬਾਹਰ ਪੈਰ ਧਰਦਾ ਤਾਂ ਮਨ ਖੁਸਦਾ। ਕੁਝ ਤਿੜਕਦਾ ਅਤੇ ਇਸ ਦੀ ਚੀਸ ਵਿਚ ਅੰਤਰੀਵ ਫਿਸ ਜਾਂਦਾ, ਅੱਖਾਂ ਵਿਚ ਨਮੀ ਉਤਰਦੀ ਅਤੇ ਘਰ ਨੂੰ ਨਮ ਅੱਖਾਂ ਨਾਲ ਅਲਵਿਦਾ ਕਹਿਣ ਲਈ ਮਜਬੂਰ ਹੋਣਾ ਪੈਂਦਾ।

ਘਰ ਨਾਲ ਸੰਵੇਦਨਾ ਦੀ ਇਹ ਕੇਹੀ ਸਾਂਝ ਏ ਕਿ ਅਸੀਂ ਘਰ ਤੋਂ ਪਰਦੇਸ ਤੁਰਨ ਲੱਗਿਆਂ ਕਦੇ ਦਰਵਾਜਿਆਂ ਅਤੇ ਘਰ ਨੂੰ ਜੰਦਰਾ ਨਹੀਂ ਲਾਉਂਦੇ। ਘਰ ਨੂੰ ਖੁੱਲ੍ਹਾ ਛੱਡ ਕੇ ਵਿਦੇਸ਼ ਨੂੰ ਤੁਰਦਾ ਹਾਂ ਅਤੇ ਵਿਦੇਸ਼ ਤੋਂ ਘਰ ਪਰਤਣ 'ਤੇ ਵੀ ਮੇਰੀ ਤਮੰਨਾ ਹੁੰਦੀ ਹੈ ਕਿ ਘਰ ਦੇ ਖੁੱਲ੍ਹੇ ਬੂਹੇ ਮੇਰੀ ਆਮਦ ਦਾ ਜਸ਼ਨ ਬਣਨ। ਬੰਦ ਘਰਾਂ ਨੂੰ ਨਜ਼ਰ ਲੱਗ ਜਾਂਦੀ ਏ। ਇਸ ਦੀਆਂ ਨੀਂਹਾਂ ਵਿਚ ਖੋਖਲਾਪਣ ਅਤੇ ਇਮਾਰਤਸਾਜ਼ੀ ਵਿਚ ਸਿਉਂਕ ਲੱਗਦੀ। ਘਰ ਫਿਰ ਘਰ ਨਹੀਂ ਰਹਿੰਦਾ। ਮੇਰੇ ਜਾਣ ਤੋਂ ਬਾਅਦ ਘਰ ਵਿਚ ਸਫਾਈ ਕਰਨ ਵਾਲਾ ਜਾਂ ਮੇਰਾ ਭਰਾ ਘਰ ਨੂੰ ਬੰਦ ਕਰਦੇ ਨੇ। ਹਰ ਰੋਜ਼ ਸਫਾਈ ਕਰਨ ਵਾਲੇ ਦੀ ਪੈੜ-ਚਾਲ ਘਰ ਨੂੰ ਉਦਾਸ ਨਹੀਂ ਹੋਣ ਦਿੰਦੀ। ਘਰ, ਘਰ ਬਣਿਆ ਰਹਿੰਦਾ। ਕੈਦੀ-ਮਾਨਸਿਕਤਾ, ਬੰਦ ਬੂਹੇ-ਬਾਰੀਆਂ, ਜੰਗਾਲੇ ਦਰਵਾਜੇ ਜਾਂ ਉਜੜੇ ਵਿਹੜੇ ਵਰਗਾ ਅਹਿਸਾਸ ਪੈਦਾ ਨਹੀਂ ਹੁੰਦਾ ਅਤੇ ਘਰ 'ਚ ਬੇਗਾਨਗੀ ਨਹੀਂ ਫੈਲਦੀ।

ਘਰ ਦੀ ਉਦਾਸੀ ਨੂੰ ਮਨ-ਮਸਤਕ ਵਿਚ ਰੱਖ, ਘਰੋਂ ਵਿਦੇਸ਼ ਨੂੰ ਤੁਰਦਾ ਹਾਂ ਤਾਂ ਵਿਦੇਸ਼ ਵਿਚਲੇ ਘਰ ਅਤੇ ਆਰ-ਪਰਿਵਾਰ ਦੇ ਦੀਦਿਆਂ ਵਿਚ ਚਮਕ ਪੈਦਾ ਹੋ ਜਾਂਦੀ ਏ। ਇਕ ਘਰ ਦਾ ਹਾਸਲ, ਦੂਸਰੇ ਘਰ ਲਈ ਵਿਗੋਚਾ। ਇਸ ਹਾਸਲ ਅਤੇ ਵਿਗੋਚੇ ਵਿਚ ਹੀ ਜੀਵਨ-ਪੰਧ ਮੁੱਕ ਜਾਂਦਾ। ਪਰ ਇਸ ਹਾਸਲ ਅਤੇ ਵਿਗੋਚੇ ਦੌਰਾਨ ਮਨੁੱਖ ਦੀ ਕਰਮ-ਯੋਗਤਾ ਹੀ ਉਸ ਦਾ ਸੁੱਚਾ ਹਾਸਲ। ਇਹ ਹਾਸਲ ਹੀ ਦੋਹਾਂ ਘਰਾਂ ਦਾ ਅਜਿਹਾ ਮੁਕਟ ਹੁੰਦਾ, ਜਿਸ 'ਤੇ ਦੋਵੇਂ ਘਰ ਨਾਜ਼ ਕਰਦੇ।

ਉਦਾਸ ਮਨ ਕੂਕਦਾ; ਘਰ 'ਚੋਂ ਘਰ ਦੇ ਅਰਥਾਂ ਵਰਗੀ ਮਾਂ ਜਿਹਾ ਮਿਲੇ ਪਿਆਰ। ਘਰ ਹੀ ਹੁੰਦਾ ਬਾਪ ਦੀ, ਸੱਗਵੀਂ ਅਸੀਸ ਦਾ ਵਿਸਥਾਰ। ਘਰ ਹੀ ਹੁੰਦਾ ਝਰਦਾ ਚਾਨਣ ਰਾਹੀਂ ਖੁਣਦਾ ਪੈੜਾਂ। ਇਸ ਦੇ ਦਰ ਨੂੰ ਸਿਜਦਾ ਕਰੀਏ, ਪਾਉਂਦਾ ਝੋਲੀ ਖੈਰਾਂ। ਘਰ ਦੀਆਂ ਕੰਧਾਂ ਭਰਨ ਹੁੰਗਾਰਾ, ਜੇ ਕੋਈ ਮਾਰੇ ਹਾਕ। ਇਸ ਦਾ ਹਰ ਕੌਲਾ-ਖੂੰਜਾ ਸਾਥੀ, ਸੁਖਨ ਤੇ ਪਾਕ। ਘਰ-ਬੰਨੇਰੀਂ ਬੋਲਦੇ ਰਹਿਸਣ, ਹਰ ਵੇਲੇ ਹੀ ਕਾਂ। ਘਰ ਦੀ ਰੌਣਕ ਬਣੀ ਰਹਿਸੀ, ਖੂੰਡੀ ਖੜਕਾਉਂਦੀ ਮਾਂ। ਘਰ ਦੀ ਸਾਕ-ਸਕੀਰੀ ਵਿਚੋਂ ਮੌਲੇ ਜੀਵਨ-ਗੀਤ। ਜੀਵਨ-ਤੰਦਾਂ ਦੀ ਪਕਿਆਈ, ਯੁਗਾਂ ਜੇਡੀ ਰੀਤ। ਮਨਾ! ਘਰ ਜਿੰਨੇ ਵੀ ਹੋਵਣ, ਪਰ ਜਿੰਦ ਦਾ ਘਰ ਇਕਹਿਰਾ। ਇਸ ਦੀ ਜੂਹ ਵਿਚ ਸ਼ਾਮ-ਸਵੇਰਾ ਤੇ ਕੱਟੀਏ ਤਿੱਖੜ ਦੁਪਹਿਰਾ। ਘਰ ਨੂੰ ਘਰ ਦੇ ਅਰਥਾਂ ਵਿਚੋਂ ਭੁੱਲ ਕੇ ਕੁਝ ਨਾ ਪਾਇਆ। ਘਰ ਵਿਚੋਂ ਹੀ ਗੁੰਮ ਨਾ ਹੋਵੇ, ਘਰ ਵਰਗਾ ਹਮਸਾਇਆ।

ਅੰਬਰੀ ਸੁਪਨਿਆਂ ਦੀ ਪੂਰਨਤਾ ਲਈ ਉਚੀਆਂ ਉਡਾਣਾਂ ਭਰਨ ਵਾਸਤੇ ਘਰਾਂ ਵਿਚੋਂ ਬਾਹਰ ਨੂੰ ਤੁਰੇ ਪੈਰਾਂ ਦਾ ਸਦਾ ਲਈ ਘਰਾਂ ਨੂੰ ਪਰਤਣਾ ਤਾਂ ਮੁਸ਼ਕਿਲ, ਪਰ ਕਦੇ-ਕਦਾਈਂ ਘਰਾਂ ਨੂੰ ਪਰਤੀਏ, ਉਨ੍ਹਾਂ ਦੀ ਉਦਾਸੀ ਨੂੰ ਘਟਾਈਏ। ਵਿਹੜੇ ਨੂੰ ਘੁੱਗ ਵੱਸਣ ਦਾ ਮੌਕਾ ਬਖਸ਼ੀਏ। ਇਸ ਦੀ ਉਚਮਤਾ ਅਤੇ ਸੁੱਚਮਤਾ ਨੂੰ ਸਿਜਦਾ ਕਰੀਏ ਕਿਉਂਕਿ ਘਰ ਹੀ ਮਨੁੱਖ ਦਾ ਸਭ ਕੁਝ ਹੁੰਦਾ, ਜੋ ਸਿਰ ਲਈ ਛੱਤ, ਦੀਦਿਆਂ ਲਈ ਸੁਪਨੇ, ਪੀੜ੍ਹੀਆਂ ਸਾਂਝਾਂ ਦੀ ਧਰਾਤਲ ਅਤੇ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਤੇ ਪਕਿਆਈ ਦੀ ਬੁਨਿਆਦ ਏ। ਘਰ ਵਾਲਿਆਂ ਦੀ ਗੈਰ-ਹਾਜ਼ਰੀ ਵਿਚ ਘਰ ਸੱਚੀਂ ਬਹੁਤ ਉਦਾਸ ਹੁੰਦਾ, ਪਰ ਮੈਂ ਅਕਸਰ ਹੀ ਗਾਹੇ-ਬਗਾਹੇ ਘਰ ਨੂੰ ਪਰਤਦਾਂ। ਇਸ ਦੀ ਫਿਜ਼ਾ ਵਿਚੋਂ ਖੇੜਿਆਂ ਦੇ ਪਲ ਅਤੇ ਮਿੱਤਰ-ਮਿਲਣੀਆਂ ਦੇ ਸਬੱਬ, ਇਸ ਨੂੰ ਜਿਉਣ ਜੋਗਾ ਕਰਦੇ। ਘਰ ਵਾਲਿਆਂ ਦੇ ਨਿਰੰਤਰ ਪਰਤਣ ਦੀ ਆਸ ਦਾ ਚਿਰਾਗ, ਕੰਧ ਦੇ ਆਲੇ ਵਿਚ ਧਰਦਾ ਹਾਂ। ਘਰ ਦੀ ਅਲਾਮਤੀ ਅਤੇ ਇਸ ਦੀ ਉਦਾਸੀ ਨੂੰ ਹਰਨ ਲਈ ਆਸ ਦੇ ਚਿਰਾਗ ਜਗਦੇ ਰਹਿਣੇ ਹੀ ਚਾਹੀਦੇ, ਪਰ 'ਕੇਰਾਂ ਤਾਂ ਦੀਵੇ ਜਗਾਉਣ ਦਾ ਹੀਆ ਪਰਵਾਸੀਆਂ ਨੂੰ ਕਰਨਾ ਹੀ ਪੈਣਾ।





# ਖੇਤੀ ਕਾਨੂੰਨ ਰੱਦ ਕਰਨ ਵਾਲੇ ਕਾਗਜ਼ 'ਤੇ ਮੋਦੀ ਨੇ ਕੀ ਲਿਖਵਾਈ ਇਬਾਰਤ

ਲਿਆਂਦੇ ਗਏ ਸਨ।

ਇਹ ਤਿੰਨ ਕਾਨੂੰਨ ਬਣਾਉਣ ਦੇ ਉਦੇਸ਼ ਦਾ ਜ਼ਿਕਰ ਕਰਦਿਆਂ ਸਰਕਾਰ ਨੇ ਬਿੱਲ ਵਿੱਚ 4 ਨੁਕਤਿਆਂ ਦਾ ਜ਼ਿਕਰ ਕੀਤਾ ਹੈ।

1. ਵਾਜਬ ਮੁੱਲ ਲਈ ਕਿਸੇ ਵੀ ਕਿਸਾਨ ਨੂੰ ਕਿਤੇ ਵੀ ਕਿਸੇ ਵੀ ਖ਼ਰੀਦਦਾਰ ਨੂੰ ਫਸਲ ਵੇਚਣ ਦੀ ਆਜ਼ਾਦੀ ਦੇਣਾ।

2. ਪੈਦਾਵਰ ਕਰਨ ਵਾਲੇ, ਥੋਕ ਖਰੀਦਦਾਰਾਂ, ਸੰਗਠਿਤ ਪਰਚੂਨ ਦੇ ਬਰਾਮਦ ਕਰਤਾ ਤੱਕ ਕਿਸਾਨਾਂ ਨੂੰ ਸਿੱਧੇ ਜੋੜਨਾ।

3. ਕੀਮਤਾਂ ਅਤੇ ਕਾਰੋਬਾਰ ਵਿੱਚ ਪਾਰਦਰਸ਼ਤਾਂ ਲਿਆਉਣ ਲਈ ਇਲੈਕਟ੍ਰੋਨਿਕ ਵਪਾਰ ਲਈ ਢਾਂਚਾਗਤ ਸਹੂਲਤਾਂ ਮੁਹੱਈਆ ਕਰਵਾਉਣਾ।

4. ਕੰਟੈਰਕਟ ਫਾਰਮਿੰਗ ਵਿੱਚ ਕਿਸਾਨੀ ਹਿੱਤਾਂ ਦੀ ਰੱਖਿਆ ਲਈ ਉਨ੍ਹਾਂ ਨੂੰ ਕਾਨੂੰਨੀ ਕਵਚ ਮੁਹੱਈਆ ਕਰਵਾਉਣਾ, ਵਾਜਬ ਕੀਮਤਾਂ ਯਕੀਨੀ ਬਣਾਉਣਾ ਅਤੇ ਆਰਥਿਕ ਸਸ਼ਕਤੀਕਰਨ ਕਰਨਾ।

ਸਰਕਾਰ ਨੇ ਦਾਅਵਾ ਕੀਤਾ ਕਿ ਕਿਸਾਨ, ਖੇਤੀ ਮਾਹਰ, ਖੇਤੀ ਆਰਥਿਕ ਮਾਹਰ ਅਤੇ ਦੇਸ ਭਰ ਦੀਆਂ ਕਿਸਾਨ ਜਥੇਬੰਦੀਆਂ ਸਾਲਾਂ ਤੋਂ ਲਗਾਤਾਰ ਅਜਿਹੇ ਸੁਧਾਰਾ ਦੀ ਮੰਗ ਕਰ ਰਹੀਆਂ ਸਨ।

ਕੋਵਿਡ 19 ਮਹਾਮਾਰੀ ਦੌਰਾਨ ਖੇਤੀ ਦੇ ਨਾਲ ਨਾਲ ਆਰਥਿਕ ਅਤੇ ਹੋਰ ਸਬੰਧਤ ਖੇਤਰਾਂ ਵਿੱਚ ਸੁਧਾਰ ਲਾਗੂ ਕੀਤੇ ਗਏ।

ਇਸ ਤੋਂ ਇਲਾਵਾ ਸਰਕਾਰ ਨੇ ਕਿਸਾਨਾਂ ਅਤੇ ਪੇਂਡੂ ਸੈਕਟਰਾਂ ਵਿੱਚ ਇਨ੍ਹਾਂ ਕਾਨੂੰਨਾਂ ਰਾਹੀਂ ਸਮੁੱਚੇ ਸਮਾਜਿਕ- ਆਰਥਿਕ ਵਿਕਾਸ ਕਰਨ ਦਾ ਦਾਅਵਾ ਕੀਤਾ।

ਇਸ ਬਿੱਲ ਵਿੱਚ ਸਰਕਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਹ ਸਬੰਧਤ ਸਭ ਵਰਗਾਂ ਨਾਲ ਸਾਲਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਲਿਆਂਦਾ ਗਿਆ ਸੀ। ਜੋ ਸੁਧਾਰ ਹੋਰ ਸਰਕਾਰਾਂ ਨਹੀਂ ਲਿਆ ਸਕੀਆਂ ਉਹ ਮੌਜੂਦਾ ਸਰਕਾਰ ਨੇ ਲਿਆਂਦੇ।

ਖੇਤੀ ਕਾਨੂੰਨ ਰੱਦ ਕਰਨ ਦਾ ਕੀ ਦੱਸਿਆ ਕਾਰਨ

19 ਨਵੰਬਰ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ ਦੇ ਨਾਂ ਆਪਣੇ ਸੰਬੋਧਨ ਵਿੱਚ ਕਿਹਾ ਸੀ ਕਿ ਉਹ ਕੁਝ ਕਿਸਾਨਾਂ ਨੂੰ ਸਮਝਾ ਨਹੀਂ ਸਕੇ। ਇਸ ਲਈ ਕਾਨੂੰਨ ਵਾਪਸ ਲੈ ਰਹੇ ਹਨ।

ਇਸੇ ਤਰਜ਼ ਉੱਤੇ ਇਸ ਬਿੱਲ ਵਿੱਚ ਲਿਖਿਆ ਗਿਆ ਹੈ, @@ਭਾਵੇਂ ਕਿ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਸਿਰਫ਼ ਕਿਸਾਨਾਂ ਦਾ ਗਰੁੱਪ ਵਿਰੋਧ ਕਰ ਰਿਹਾ ਹੈ, ਪਰ ਸਰਕਾਰ ਨੇ ਇਨ੍ਹਾਂ ਨੂੰ ਸਮਝਾਉਣ ਦੀ ਪੂਰੀ ਵਾਹ ਲਾਈ, ਅਤੇ ਕਾਨੂੰਨਾਂ ਬਾਰੇ ਕਈ ਬੈਠਕਾਂ ਅਤੇ ਮੰਚਾਂ ਉੱਤੇ ਫਾਇਦਿਆਂ ਬਾਰੇ ਦੱਸਿਆ।

ਅੱਗੇ ਲਿਖਿਆ ਗਿਆ ਹੈ, ਕਿਸਾਨਾਂ ਨੂੰ ਜਿਹੜੀ ਸਹੂਲਤ ਤੇ ਨੈੱਟਵਰਕ ਹੁਣ ਮਿਲ ਰਿਹਾ ਹੈ, ਉਸ ਨੂੰ ਵਾਪਸ ਲਏ ਬਿਨਾਂ, ਉਨ੍ਹਾਂ ਦੀ ਜਿਣਸ ਦੇ ਵਪਾਰ ਲਈ ਨਵੀਆਂ ਥਾਵਾਂ ਉਪਲੱਬਧ ਕਰਵਾਈਆਂ ਗਈਆਂ ਹਨ।

ਜਦਕਿ ਕਿਸਾਨ ਜਿੱਥੇ ਉਸ ਨੂੰ ਵੱਧ ਭਾਅ ਮਿਲਦਾ ਹੈ, ਬਿਨਾਂ ਕਿਸੇ ਪਾਬੰਦੀ ਦੇ ਆਪਣੀ ਜਿਣਸ ਦੇ ਵਪਾਰ ਲਈ ਥਾਂ ਦੀ ਚੋਣ ਕਰਨ ਲਈ ਅਜ਼ਾਦ ਹੈ। ਭਾਵੇਂ ਕਿ ਸੁਪਰੀਮ ਕੋਰਟ ਆਫ਼ ਇੰਡੀਆਂ ਨੇ ਇਨ੍ਹਾਂ ਕਾਨੂੰਨਾਂ ਉੱਤੇ ਰੋਕ ਲਾਈ ਹੋਈ ਹੈ।

ਕੋਵਿਡ ਕਾਲ ਦੌਰਾਨ ਕਿਸਾਨਾਂ ਨੇ ਮੁਲਕ ਦੀਆਂ ਲੋੜਾਂ ਦੀ ਪੂਰਤੀ ਲਈ ਪੈਦਾਵਾਰ ਵਧਾਉਣ ਲਈ ਸਖ਼ਤ ਮਿਹਨਤ ਕੀਤੀ ਹੈ ਅਤੇ ਅਸੀਂ ਭਾਰਤ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਾਂ।

@@ਅਜ਼ਾਦੀ ਕਾ ਅੰਮ੍ਰਿਤ ਮਹਾਉਤਸਵ@@, ਦੌਰਾਨ ਹਰ ਇੱਕ ਨੂੰ ਨਾਲ ਲੈ ਕੇ ਚੱਲਣ ਅਤੇ ਵਿਕਾਸ ਤੇ ਤਰੱਕੀ ਵਿੱਚ ਸਭ ਦੀ ਹਿੱਸੇਦਾਰੀ ਸਮੇਂ ਦੀ ਮੁੱਖ ਮੰਗ ਹੈ।

ਇਸੇ ਵਿਚਾਰ ਦੇ ਧਿਆਨ ਹਿੱਤ ਖੇਤੀ ਕਾਨੂੰਨ ਰੱਦ ਕੀਤਾ ਜਾਂਦੇ ਹਨ ਅਤੇ ਸੋਧ ਕਾਨੂੰਨ ਵੀ ਰੱਦ ਕੀਤਾ ਜਾਂਦਾ ਹੈ।

ਮੋਦੀ ਦੇ ਸ਼ਬਦ ਤੇ ਨਵੇਂ ਕਾਨੂੰਨ ਦੀ ਭਾਸ਼ਾ ਦੇ ਅਰਥ

ਸਿਆਸੀ ਮਾਮਲਿਆਂ ਦੇ ਮਾਹਰ ਡਾ. ਪ੍ਰਮੋਦ ਕੁਮਾਰ ਕਹਿੰਦੇ ਹਨ ਕਿ ਮੋਦੀ ਸਰਕਾਰ ਦਾ ਫੈਸਲਾ ਖੇਤੀ ਕਾਨੂੰਨਾਂ ਉੱਤੇ @ਚੇਂਜ ਆਫ਼ ਹਾਰਟ@ ਨਹੀਂ ਹੈ।

ਕਾਨੂੰਨ ਤਾਂ ਰੱਦ ਹੋ ਗਏ ਪਰ ਇਨ੍ਹਾਂ ਦੇ ਕਿਸੇ ਨਾ ਕਿਸੇ ਸਰੂਪ ਵਿੱਚ ਮੁੜ ਲਾਗੂ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਡਾਕਟਰ ਪ੍ਰਮੋਦ ਚੰਡੀਗੜ੍ਹ ਦੇ ਇੰਸਟੀਚਿਊਟ ਆਫ਼ ਡਿਵੈਲਪਮੈਂਟ ਆਫ਼ ਕਮਿਊਨੀਕੇਸ਼ਨ ਦੇ ਚੇਅਰਮੈਨ ਹਨ।

ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਨ ਲਿਆ ਕਿ ਕਿਸਾਨ ਨਹੀਂ ਮੰਨ ਰਹੇ ਅਤੇ ਉਨ੍ਹਾਂ ਦਾ ਚੋਣਾਂ ਵਿੱਚ ਜ਼ਿਆਦਾ ਨੁਕਸਾਨ ਹੋ ਸਕਦਾ ਹੈ। ਇਸ ਕਰਕੇ ਇਹ ਗੱਲ ਮੰਨ ਲੈਂਦੇ ਹਾਂ।

ਉਹ ਕਹਿੰਦੇ ਹਨ, ਪ੍ਰਧਾਨ ਮੰਤਰੀ ਜੇਕਰ ਮੰਨ ਲੈਣ ਕਿ ਉਨ੍ਹਾਂ ਨੂੰ ਵੀ ਲੋਕਾਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ, ਤਾਂ ਇਹ ਉਨ੍ਹਾਂ ਦੀ ਵੱਡੀ ਦਿਆਨਤਦਾਰੀ ਹੋਵੇਗੀ।

÷ਸਿਰਫ਼ ਇਹ ਗੱਲ ਕਹਿ ਦੇਣਾ ਕਿ ਜੇ ਲੋਕ ਮੇਰੀ ਗੱਲ ਨਹੀਂ ਮੰਨਦੇ ਤਾਂ ਮੈਂ ਛੋਟ ਦੇ ਦਿੰਦਾ ਹਾਂ। ਇਹ ਸ਼ਾਇਦ ਲੰਬੇ ਸਮੇਂ ਲਈ ਚੰਗੀ ਸੋਚ ਨਹੀਂ ਹੈ।÷

ਡਾਕਟਰ ਪ੍ਰਮੋਦ ਮੁਤਾਬਕ ਇਸ ਅੰਦੋਲਨ ਨੇ ਤਿੰਨ ਸਬਕ ਦਿੱਤੇ ਹਨ:

ਪਹਿਲਾ, ਸਰਕਾਰਾਂ ਕਾਨੂੰਨ ਸੋਚ ਸਮਝੇ ਬਿਨਾਂ ਨਾ ਬਣਾਉਣ।

ਦੂਜਾ, ਭੋਜਨ ਅਤੇ ਖੁਰਾਕ ਵਰਗੇ ਸੈਕਟਰਾਂ ਦਾ ਨਿੱਜੀਕਰਨ ਤੇ ਕਾਰਪੋਰੇਟਾਇਜੇਸ਼ਨ ਨਹੀਂ ਕਰਨਾ ਚਾਹੀਦਾ।

ਤੀਜਾ, ਕਿਸਾਨ ਅੰਦੋਲਨ ਵਰਗੀਆਂ ਲਹਿਰਾਂ ਦਾ ਹੱਲ ਕਾਨੂੰਨ ਨਹੀਂ ਹੈ, ਬਲਕਿ ਇਹ ਸਿਆਸਤ ਵਿੱਚ ਹੈ। ਇਹ ਅੰਦੋਲਨ ਇਸ ਉੱਤੇ ਲਗਾਤਾਰ ਟਿਕਿਆ ਰਿਹਾ। ਕਿਸਾਨ ਆਗੂਆਂ ਨੇ ਸਾਫ਼ ਕਿਹਾ ਕਿ ਇਸ ਦਾ ਹੱਲ ਸੁਪਰੀਮ ਕੋਰਟ ਨਹੀਂ ਕਰ ਸਕਦੀ, ਇਹ ਸਰਕਾਰ ਨੂੰ ਹੀ ਕਰਨਾ ਪਵੇਗਾ।

ਚੌਥਾ, ਭਾਰਤ ਵਿਚ 1991 ਵਿੱਚ ਸ਼ੁਰੂ ਹੋਏ ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਸੁਧਾਰਾਂ ਖ਼ਿਲਾਫ਼ ਇਹ ਪਹਿਲੀ ਵੱਡੀ ਲਹਿਰ ਹੈ ਜਿਸ ਨੇ ਉਸ ਫਰੇਮਵਰਕ ਉੱਤੇ ਸੰਜੀਦਗੀ ਨਾਲ ਸਵਾਲ ਖੜਾ ਕੀਤਾ ਹੈ।

ਡਾਕਟਰ ਪ੍ਰਮੋਦ ਕਹਿੰਦੇ ਹਨ ਕਿ ਕਿਸਾਨ ਅੰਦੋਲਨ ਦੇ ਦਬਾਅ ਨੂੰ ਨਾ ਮੰਨ ਕੇ ਜੇਕਰ ਤੁਸੀਂ ਵੋਟਾਂ ਦੇ ਪ੍ਰੈਸ਼ਰ ਨੂੰ ਮੰਨਦੇ ਹੋ ਤਾਂ ਇਹ ਠੀਕ ਰਹਿਣ ਵਾਲਾ ਨਹੀਂ ਹੈ।

ਕਿਸਾਨ ਆਗੂਆਂ ਦਾ ਪ੍ਰਤੀਕਰਮ

ਭਾਰਤੀ ਕਿਸਾਨ ਯੂਨੀਅਨ (ਡੱਲੇਵਾਲ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਈ ਖੈਰਾਤ ਨਹੀਂ ਦਿੱਤੀ। ਭਾਜਪਾ ਜਾਂ ਪ੍ਰਧਾਨ ਮੰਤਰੀ ਨੇ ਦੇਸ ਦੇ ਲੋਕਾਂ ਉੱਤੇ ਕੋਈ ਅਹਿਸਾਨ ਨਹੀਂ ਕੀਤਾ। ਸਰਕਾਰ ਨੂੰ ਮਜਬੂਰਨ ਆਪਣਾ ਭਵਿੱਖ ਬਚਾਉਣ ਲਈ, ਆਪਣੀ ਸਿਆਸੀ ਜ਼ਮੀਨ ਬਚਾਉਣ ਲਈ ਇਹ ਫ਼ੈਸਲਾ ਲੈਣ ਪਿਆ ਹੈ।÷

ਉਨ੍ਹਾਂ ਨੇ ਆਪਣੇ ਸੂਬਿਆਂ ਵਿਚ ਜ਼ਿਮਨੀ ਚੋਣਾਂ ਦੀ ਹਾਰ ਅਤੇ ਅਗਾਮੀ ਚੋਣਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਹੈ।÷

ਮੈਂ ਪਹਿਲਾਂ ਵੀ ਕਹਿੰਦਾ ਰਿਹਾ ਹਾਂ ਕਿ ਇਨ੍ਹਾਂ ਦੇ ਸਿਆਸੀ ਡਰ ਵਿੱਚੋਂ ਹੀ ਅੰਦੋਲਨ ਦੀ ਜਿੱਤ ਦਾ ਐਲਾਨ ਹੋਣਾ ਹੈ।÷


ਉਹ ਦਾਅਵਾ ਕਰਦੇ ਹਨ ਕਿ ਬੈਕਡੋਰ ਗੱਲਬਾਤ ਵਿੱਚ ਸਰਕਾਰ ਨੇ ਇੱਕ ਫਾਰਮੂਲਾ ਪੇਸ਼ ਕੀਤਾ ਸੀ, ਜਿਸ ਉੱਤੇ ਕਾਫ਼ੀ ਜਥੇਬੰਦੀਆਂ ਸਹਿਮਤ ਸਨ, ਪਰ ਉਨ੍ਹਾਂ ਸਮੇਤ ਕਈ ਹੋਰ ਜਥੇਬੰਦੀਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਤਿੰਨੇ ਕਾਨੂੰਨ ਰੱਦ ਕਰਨ ਤੋਂ ਘੱਟ ਹੋਰ ਕੁਝ ਵੀ ਮੰਨਜ਼ੂਰ ਨਹੀਂ।

ਸਰਕਾਰ ਨੂੰ ਵੋਟ ਕੀ ਚੋਟ ਦੇ ਅਰਥ ਸਮਝ ਆ ਗਏ, ਕਹਿਣ ਨੂੰ ਉਹ ਜੋ ਵੀ ਕੁਝ ਕਹਿੰਦੇ ਰਹਿਣ।÷

ਭਾਰਤੀ ਜਨਤਾ ਪਾਰਟੀ ਦਾ ਪੱਖ਼

ਭਾਰਤੀ ਜਨਤਾ ਪਾਰਟੀ, ਪੰਜਾਬ ਦੇ ਮੁੱਖ ਬੁਲਾਰੇ ਅਨਿਲ ਸਰੀਨ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਇੱਕ ਸਟੈਂਡ ਹੈ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਹਿੱਤਾਂ ਵਾਲੇ ਸਨ।



# ਰੀਤੀ ਰਿਵਾਜ ਬਨਾਮ ਫੋਕੀ ਸ਼ੋਹਰਤ

**ਹਰਦੀਪ ਸਿੰਘ ਝੱਜ**

ਖ਼ੁਸ਼ੀ ਤੇ ਗ਼ਮ ਜ਼ਿੰਦਗੀ ਦਾ ਅਟੁੱਟ ਅੰਗ ਹਨ। ਇਹ ਦੋਨੋਂ ਮੌਕੇ ਵਾਰ ਵਾਰ ਆਉਂਦੇ ਰਹਿੰਦੇ ਹਨ। ਸਮਾਜ ਵਿੱਚ ਵਿਚਰਦਿਆਂ ਖ਼ੁਸ਼ੀਆਂ ਗ਼ਮੀਆਂ ਦੇ ਮੌਕਿਆਂ ਨੂੰ ਸੰਪੂਰਨ ਕਰਨ ਲਈ ਅਨੇਕਾਂ ਹੀ ਰਸਮਾਂ ਅਦਾ ਕਰਨੀਆਂ ਪੈਂਦੀਆਂ ਹਨ। ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤਕ ਲੋਕ ਇਨ੍ਹਾਂ ਰਸਮਾਂ ਨੂੰ ਨਿਭਾ ਰਹੇ ਹਨ। ਇਹ ਰੀਤੀ-ਰਿਵਾਜ, ਰਸਮਾਂ ਸਾਡੀ ਵਿਰਾਸਤ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੀਆਂ ਹਨ। ਭਾਵੇਂ ਅੱਜ ਇਹ ਉਹੀ ਹਨ, ਪਰ ਸਮੇਂ ਦੇ ਬਦਲਣ ਨਾਲ ਆਰਥਿਕ ਸਥਿਤੀ ਵਿੱਚ ਪਰਿਵਰਤਨ ਆਉਣ ਨਾਲ ਇਨ੍ਹਾਂ ਰੀਤੀ-ਰਿਵਾਜਾਂ ਦੀ ਦਿੱਖ ਜਾਂ ਰੂਪ ਜ਼ਰੂਰ ਬਦਲ ਗਿਆ ਹੈ।

ਗੱਲ ਵਿਆਹ ਤੋਂ ਸ਼ੁਰੂ ਕੀਤੀ ਜਾਵੇ ਤਾਂ ਇਹ ਸਮਾਜ ਦੀ ਅਹਿਮ ਰਸਮ ਹੈ, ਪਰ ਅੱਜ ਇਸਦੇ ਅਰਥ ਬਿਲਕੁਲ ਹੀ ਬਦਲ ਚੁੱਕੇ ਹਨ। ਆਰਥਿਕ ਹਾਲਤਾਂ ਵਿੱਚ ਪਰਿਵਰਤਨ ਅਤੇ ਸਿੱਖਿਆ ਦੇ ਪ੍ਰਸਾਰ ਕਾਰਨ ਸੋਚ 'ਚ ਬਹੁਤ ਤਬਦੀਲੀ ਆਈ ਹੈ। ਰਹਿਣ-ਸਹਿਣ ਤੇ ਖਾਣ-ਪਹਿਨਣ ਦੇ ਢੰਗ ਬਦਲ ਚੁੱਕੇ ਹਨ। ਹੁਣ ਵਿਆਹ ਪ੍ਰਤੀ-ਦਿਨ ਮਹਿੰਗੇ ਹੋ ਰਹੇ ਹਨ। ਵਿਆਹ, ਇੱਕ ਰਿਵਾਜ ਪੁਗਾਉਣ ਤੋਂ ਜ਼ਿਆਦਾ, ਦਿਖਾਵੇ ਦੀ ਵਸਤੂ ਬਣ ਕੇ ਰਹਿ ਗਏ ਹਨ। ਅੱਜ ਓਨਾ ਖ਼ਰਚ ਵਿਆਹ ਤੋਂ ਪਹਿਲਾਂ ਹੋਣ ਵਾਲੇ ਸਮਾਰੋਹਾਂ 'ਤੇ ਆਉਂਦਾ ਹੈ, ਜਿੰਨਾ ਵਿਆਹ ਸਮੇਂ। ਅੱਜ ਜ਼ਿਆਦਾ ਖ਼ਰਚ ਕਰਨ ਨੂੰ ਸ਼ਾਨ ਸਮਝਿਆ ਜਾਣ ਲੱਗਾ ਹੈ।

ਦਿਖਾਵਾ ਇੰਨਾ ਭਾਰੂ ਹੋ ਗਿਆ ਹੈ ਕਿ ਲੋਕ ਆਪਣੀ ਆਮਦਨ ਤੋਂ ਬਾਹਰ ਹੋ ਕੇ ਖ਼ਰਚ ਕਰਦੇ ਹਨ। ਦਾਜ ਦੇਣਾ ਜਾਂ ਲੈਣਾ ਸ਼ਾਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਸਭ ਦਿਖਾਵੇ ਤੋਂ ਬਿਨਾਂ ਕੁਝ ਨਹੀਂ। ਦਿਖਾਵੇ ਦੇ ਦੌਰ 'ਚ ਸਕੂਨ ਘੱਟ ਅਤੇ ਸਿਰਦਰਦੀ ਜ਼ਿਆਦਾ ਵਧੀ ਹੈ। ਹੁਣ ਵਿਆਹ ਤੋਂ ਬਾਅਦ ਹੁੰਦੀਆਂ ਰਸਮਾਂ ਵੀ



ਬੇਹੱਦ ਖ਼ਰਚੀਲੀਆਂ ਹੋ ਗਈਆਂ ਹਨ। ਮਿਲਣੀਆਂ, ਤੀਆਂ, ਕਰਵਾ ਚੌਥ, ਲੋਹੜੀ ਅਤੇ ਦੀਵਾਲੀ ਆਦਿ ਦੇ ਸੰਧਾਰੇ ਬੇਮੁਹਾਰੇ ਖ਼ਰਚ ਦੇ ਸਾਧਨ ਬਣ ਚੁੱਕੇ ਹਨ। ਅੱਜ ਇਨ੍ਹਾਂ ਰਿਵਾਜਾਂ ਦੀ ਆੜ 'ਚ ਦੇਖੋ-ਦੇਖੀ ਖ਼ਰਚ ਕੀਤਾ ਜਾ ਰਿਹਾ ਹੈ। ਨੱਕ ਰੱਖਣ ਲਈ ਜਾਂ ਆਪਣੇ ਆਪ ਨੂੰ ਵੱਡਾ ਅਖਵਾਉਣ ਲਈ ਕੱਪੜਿਆਂ, ਗਹਿਣਿਆਂ ਅਤੇ ਹੋਰ ਵਸਤਾਂ 'ਤੇ ਖ਼ਰਚ ਕਰਨਾ ਜ਼ਰੂਰੀ ਸਮਝਿਆ ਜਾਣ ਲੱਗਾ ਹੈ। ਜਿੰਨਾ ਵੱਧ ਖ਼ਰਚ, ਓਨੀ ਹੀ ਵਡਿਆਈ, ਅੱਜ ਇਹ ਧਾਰਨਾ ਪ੍ਰਫੁੱਲਤ ਹੋ ਰਹੀ ਹੈ।

ਇਸ ਫੋਕੀ ਸ਼ੋਹਰਤ ਅਤੇ ਸ਼ੋਸ਼ੇਬਾਜ਼ੀ ਦੀ ਲਪੇਟ ਵਿੱਚ ਸਾਡੇ ਗ਼ਮੀ ਦੇ ਸੰਸਕਾਰ ਵੀ ਆ ਚੁੱਕੇ ਹਨ। ਇੱਕ ਦੂਜੇ ਦੀ ਰੀਸ ਅਤੇ ਵਿਖਾਵੇਬਾਜ਼ੀ ਕਰਨ ਮਰਗਤ ਦੇ ਭੋਗਾਂ 'ਤੇ ਵੀ ਇੰਨਾ ਖ਼ਰਚ ਕੀਤਾ ਜਾਂਦਾ ਹੈ, ਜਿਸ ਨਾਲ ਬਹੁਤ ਕੁਝ ਉਸਾਰੂ ਹੋ ਸਕਦਾ ਹੈ। ਜਿਉਂਦੇ ਬਜ਼ੁਰਗਾਂ ਨੂੰ ਕਦੇ ਫੋਕਾ ਪਾਣੀ ਵੀ ਨੀਂ ਪੁੱਛਿਆ ਹੁੰਦਾ, ਪਰ ਭੋਗਾਂ 'ਤੇ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਹੁੰਦਾ ਹੈ। ਫੋਕੀ ਪੈਂਠ ਸਥਾਪਤ ਕਰਨ ਲਈ ਅੱਜਕੱਲ੍ਹ ਸਿਆਸੀ ਨੇਤਾਵਾਂ ਨੂੰ ਸੱਦਣਾ ਵੀ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਦਾਹ-ਸਸਕਾਰ ਤੋਂ ਲੈ ਕੇ ਭੋਗ ਤਕ ਕਿੰਨੀਆਂ ਹੀ ਰਸਮਾਂ ਹੁੰਦੀਆਂ ਹਨ। ਲੋਕ ਵੱਖ-ਵੱਖ ਵਾਹਨਾਂ 'ਚ ਸਵਾਰ ਹੋ ਕੇ ਇਨ੍ਹਾਂ ਰਸਮਾਂ ਨੂੰ ਨਿਭਾਉਣ ਲਈ ਜਾਂਦੇ ਹਨ। ਜਿੱਥੇ ਚਾਰ ਬੰਦਿਆਂ ਨਾਲ ਸਰ ਸਕਦੈ, ਉੱਥੇ ਦਸ ਬੰਦੇ ਆਪਣਾ ਕੰਮ ਛੱਡਦੇ ਹਨ। ਇਸ ਸਭ 'ਚ ਜਿੱਥੇ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ, ਉੱਥੇ ਸੜਕਾਂ 'ਤੇ ਵੀ ਭੀੜ ਵਧਦੀ ਹੈ ਜਿਸ ਨਾਲ ਹਾਦਸੇ ਵਾਪਰਦੇ ਹਨ।

ਇਕ ਹੋਰ ਨਵਾਂ ਰਿਵਾਜ ਪੈਦਾ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਸੇਵਾ-ਮੁਕਤੀ ਸਮੇਂ ਵੱਡੇ ਪੱਧਰ 'ਤੇ ਸਮਾਗਮ ਕੀਤੇ ਜਾਣ ਲੱਗੇ ਹਨ। ਹੁਣ ਸੇਵਾ-ਮੁਕਤੀ ਦੇ ਸਮਾਰੋਹ ਆਮ ਤੌਰ 'ਤੇ ਹੋਟਲਾਂ ਅਤੇ ਮੈਰਿਜ ਪੈਲੇਸਾਂ 'ਚ ਹੁੰਦੇ ਹਨ, ਇਹ ਕਿਸੇ ਚੰਗੇ ਵਿਆਹ ਤੋਂ ਘੱਟ ਨਹੀਂ ਲੱਗਦੇ। ਮਿੱਤਰਾਂ ਅਤੇ ਰਿਸ਼ਤੇਦਾਰਾਂ ਵੱਲੋਂ ਖ਼ੂਬ ਤੋਹਫ਼ੇਬਾਜ਼ੀ ਹੁੰਦੀ ਹੈ। ਸ਼ਰਾਬ-ਕਬਾਬ ਦੇ ਨਾਲ-ਨਾਲ ਗਾਉਣ-ਵਜਾਉਣ ਦਾ ਪ੍ਰਬੰਧ ਵੀ ਉਚੇਚੇ ਤੌਰ 'ਤੇ ਹੁੰਦਾ ਹੈ।

ਇਨ੍ਹਾਂ ਰਸਮ-ਰਿਵਾਜਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਗ਼ੈਰ-ਜ਼ਰੂਰੀ ਚਿੰਤਾਵਾਂ ਦਾ ਕਾਰਨ ਬਣ ਰਹੇ ਹਨ ਕਿਉਂਕਿ ਇਹ ਬੇਲੋੜੇ ਦਿਖਾਵੇ ਦੀ ਭੇਟ ਚੜ੍ਹ ਰਹੇ ਹਨ। ਨਾਲ ਹੀ ਇਹ ਵੀ ਵੇਖਣ 'ਚ ਆ ਰਿਹਾ ਹੈ ਕਿ ਜਿੰਨਾ ਵਧੇਰੇ ਪੈਸਾ ਜ਼ਿੰਦਗੀ 'ਤੇ ਭਾਰੂ ਹੋ ਰਿਹਾ ਹੈ, ਓਨਾ ਹੀ ਸਮਾਜ ਦਿਨ ਪ੍ਰਤੀ ਦਿਨ ਤਿੜਕ ਰਿਹਾ ਹੈ। ਅੱਜ ਤਲਾਕ ਦੇ ਕੇਸ, ਘਰੇਲੂ ਉਲਝਣਾਂ ਅਤੇ ਘਰੇਲੂ ਹਿੰਸਾ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਵਿਆਹ ਸਮੇਂ ਪੈਸੇ ਦੇ ਵਿਖਾਵੇ ਦੀ ਆੜ 'ਚ ਵਿਚਾਰਾਂ ਦੇ ਮੇਲ ਨੂੰ ਜ਼ਰੂਰੀ ਨਾ ਸਮਝ ਕੇ ਤਰਜੀਹ ਨਹੀਂ ਦਿੱਤੀ ਜਾਂਦੀ। ਅੱਜ ਲੋਕ ਪੈਸੇ ਅਤੇ ਸੁੱਖ ਸਹੂਲਤਾਂ ਪੱਖੋਂ ਤਾਂ ਆਧੁਨਿਕ ਹੋ ਗਏ ਹਨ, ਪਰ ਆਪਣੀ ਸੌੜੀ ਮਾਨਸਿਕਤਾ ਤੋਂ ਮੁਕਤ ਨਹੀਂ ਹੋ ਸਕੇ। ਇਸ ਕਰਕੇ ਅੱਜ ਵੀ ਕਈ ਪਰਿਵਾਰਾਂ 'ਚ ਪੜ੍ਹਾਈ 'ਤੇ ਪੈਸੇ ਖ਼ਰਚਣ ਨਾਲੋਂ ਵਿਆਹ ਉੱਤੇ ਵਧੇਰੇ ਪੈਸਾ ਖ਼ਰਚਣ ਦੀ ਸੋਚ ਭਾਰੂ ਹੈ। ਸਮਾਗਮਾਂ 'ਤੇ ਖ਼ਰਚ ਕੀਤਾ ਜਾਣ ਵਾਲਾ ਪੈਸਾ ਜੇਕਰ ਅੱਧਾ ਵੀ ਧੀ-ਪੁੱਤਾਂ ਦੀ ਸਿੱਖਿਆ 'ਤੇ ਖ਼ਰਚ ਕਰ ਦਿੱਤਾ ਜਾਵੇ ਤਾਂ ਉਹ ਸਵੈ-ਵਿਸ਼ਵਾਸ ਅਤੇ ਆਪਣੇ ਬਲਬੂਤੇ 'ਤੇ ਘੱਟੋ-ਘੱਟ ਜ਼ਮਾਨੇ ਨਾਲ ਤਾਂ ਚੱਲ ਸਕਣਗੇ। ਉੱਚੀ ਸੋਚ ਨਾਲ ਸਮਾਜ 'ਚ ਵੀ ਉਸਾਰੂ ਯੋਗਦਾਨ ਪਾ ਸਕਣਗੇ। ਇਸ ਨਾਲ ਪਿੱਤਰਸੱਤਾ, ਭਰੂਣ ਹੱਤਿਆ ਅਤੇ ਦਾਜ ਕਾਰਨ ਹੱਤਿਆਵਾਂ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਵੀ ਠੱਲ੍ਹ ਪਵੇਗੀ। ਵਿਆਹ ਸਮੇਂ ਹੁੰਦੇ ਦਿਖਾਵੇ, ਫੋਕੀ ਸ਼ੋਸ਼ੇਬਾਜ਼ੀ ਤੋਂ ਮੁਕਤੀ ਪਾਉਣ ਲਈ ਅਜੋਕਾ ਪੜ੍ਹਿਆ-ਲਿਖਿਆ ਨੌਜਵਾਨ ਵਰਗ ਸਾਰਥਕ ਭੂਮਿਕਾ ਨਿਭਾਅ ਸਕਦਾ ਹੈ ਬਸ਼ਰਤੇ ਕਿ ਇਹ ਵਰਗ ਉੱਚੀ ਸੋਚ ਅਤੇ ਚੰਗੇ ਵਿਚਾਰਾਂ ਦਾ ਹਾਣੀ ਹੋਵੇ। ਅੰਤ 'ਚ ਇਹੀ ਆਖਿਆ ਜਾ ਸਕਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਰੀਤਾਂ-ਰਸਮਾਂ ਨੂੰ ਵਿਖਾਵੇ ਦੀ ਭੇਟ ਚੜ੍ਹਾਉਣ ਵਾਲਾ ਸਾਡਾ ਸਮਾਜ ਹੀ ਹੈ ਅਤੇ ਨਵੀਆਂ ਰੀਤਾਂ-ਰਸਮਾਂ, ਰਿਵਾਜਾਂ ਦੀ ਸ਼ੁਰੂਆਤ ਕਰਨ ਵਾਲਾ ਵੀ ਸਮਾਜ ਹੀ ਹੈ, ਪਰ ਅੱਜ ਇਸ ਵਿਖਾਵੇ, ਸ਼ੋਸ਼ੇਬਾਜ਼ੀ ਅਤੇ ਅਖੌਤੀ ਸ਼ੋਹਰਤ ਤੋਂ ਨਿਜਾਤ ਪਾਉਣ ਦੀ ਜ਼ਰੂਰਤ ਵੀ ਇਸ ਸਮਾਜ ਨੂੰ ਹੀ ਹੈ। ਅੱਜ ਹਰ ਇੱਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਰੀਤੀ-ਰਿਵਾਜਾਂ, ਸੰਸਕਾਰਾਂ, ਰਸਮਾਂ ਉੱਤੇ ਨਿਯੰਤਰਣ ਪਾਉਣ ਲਈ ਬਣਦਾ ਯੋਗਦਾਨ ਪਾਵੇ।



# ਕਿਵੇਂ ਕਰੀਏ ਪੁੱਤਾਂ ਦਾ ਪਾਲਣ ਪੋਸ਼ਣ ?

ਸਾਡੇ ਭਾਰਤੀ ਸਮਾਜ ਖ਼ਾਸ ਤੌਰ 'ਤੇ ਪੰਜਾਬੀ ਸਮਾਜ ਵਿੱਚ ਪੁੱਤਰ ਦਾ ਜਨਮ ਵਿਸ਼ੇਸ਼ ਮਹੱਤਵ ਰੱਖਦਾ ਹੈ। ਸਾਡੇ ਧਾਰਮਿਕ ਗ੍ਰੰਥਾਂ ਅਤੇ ਪੁਰਾਣੀਆਂ ਰਹੁ-ਰੀਤਾਂ ਅਨੁਸਾਰ ਪੁੱਤਰ ਦਾ ਹੋਣਾ ਬਹੁਤ ਜ਼ਰੂਰੀ ਮੰਨਿਆ ਗਿਆ ਹੈ, ਪਰ ਬਦਲਦੇ ਸਮੇਂ ਨਾਲ ਅੱਜਕੱਲ੍ਹ ਧੀਆਂ ਪੁੱਤਾਂ ਵਿੱਚ ਕੋਈ ਫ਼ਰਕ ਨਹੀਂ ਰਿਹਾ ਜੋ ਕਿ ਇੱਕ ਅਜੋਕੇ ਨਰੋਏ ਸਮਾਜ ਲਈ ਸ਼ੁਭ ਸੰਕੇਤ ਹੈ। ਅੱਜ ਮਾਪਿਆਂ ਦੇ ਮੂੰਹੋਂ ਆਮ ਹੀ ਸੁਣਿਆ ਜਾਂਦਾ ਹੈ ਕਿ ਅਸੀਂ ਧੀਆਂ ਨੂੰ ਪੁੱਤਾਂ ਵਾਂਗੂ ਪਾਲਿਆ ਹੈ, ਪਰ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਅਸੀਂ ਪੁੱਤਾਂ ਨੂੰ ਕਿਵੇਂ ਪਾਲ ਰਹੇ ਹਾਂ ? ਕੀ ਅਸੀਂ ਪੁੱਤਾਂ ਨੂੰ ਧੀਆਂ ਵਾਂਗ ਪਾਲ ਰਹੇ ਹਾਂ ? ਅੱਜ ਲੋੜ ਹੈ ਪੁੱਤਾਂ ਦੇ ਪਾਲਣ-ਪੋਸ਼ਣ ਵੱਲ ਵੀ ਉਚੇਚਾ ਧਿਆਨ ਦੇਣ ਦੀ। ਉਚੇਚਾ ਜਾਂ ਵਿਸ਼ੇਸ਼ ਧਿਆਨ ਤੋਂ ਭਾਵ ਇਹ ਨਹੀਂ ਕਿ ਕੇਵਲ ਖਾਣ ਪੀਣ, ਪਹਿਨਣ ਜਾਂ ਖਵਾਹਿਸ਼ਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਬਲਕਿ ਉਸਨੂੰ ਸਮਾਜ ਵਿੱਚ ਸੁੱਚਜੇ ਢੰਗ ਨਾਲ ਵਿਚਰਨਯੋਗ ਬਣਾਇਆ ਜਾਵੇ। ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਬੱਚੇ 'ਤੇ ਪਰਿਵਾਰ ਦੇ ਮਾਹੌਲ ਦਾ ਅਸਰ ਬਹੁਤ ਜ਼ਿਆਦਾ ਹੁੰਦਾ ਹੈ। ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਹੈ। ਕੁਦਰਤ ਨੇ ਨਰ ਅਤੇ ਮਾਦਾ ਦੀ ਖ਼ੂਬਸੂਰਤ ਸਿਰਜਣਾ ਕੀਤੀ, ਪਰ ਮਰਦ ਪਤਾ ਨਹੀਂ ਕਿਵੇਂ ਉੱਤਮ ਬਣ ਗਿਆ ਅਤੇ ਔਰਤ ਨੂੰ ਆਪਣਾ ਗ਼ੁਲਾਮ ਬਣਾ ਲਿਆ। ਮਰਦ ਨੂੰ ਤਾਕਤਵਰ ਅਤੇ ਔਰਤ ਨੂੰ ਕਮਜ਼ੋਰ ਸਮਝਿਆ ਜਾਣ ਲੱਗਾ। ਸ਼ਾਇਦ ਇਸ ਕਰਕੇ ਕਿ ਪੁਰਾਣੇ ਸਮੇਂ ਵਿੱਚ ਮਰਦ ਬਾਹਰ ਦੇ ਕੰਮ ਕਰਦੇ ਸਨ ਅਤੇ ਔਰਤਾਂ ਚੁੱਲ੍ਹਾ ਚੌਂਕਾ ਸੰਭਾਲਦੀਆਂ ਸਨ। ਭਾਵੇਂ ਅੱਜ ਅਸੀਂ 21ਵੀਂ ਸਦੀ ਵਿੱਚ ਵਿਚਰ ਰਹੇ ਹਾਂ, ਪਰ ਅੱਜ ਵੀ ਸਾਡੇ ਸਮਾਜ ਵਿੱਚ ਮਰਦ ਨੂੰ ਔਰਤ ਨਾਲੋਂ ਉੱਚਾ ਦਰਜਾ ਦਿੱਤਾ ਜਾਂਦਾ ਹੈ। ਉਹ ਚਾਹੁੰਦਾ ਹੈ ਕਿ ਜੋ ਉਹ ਚਾਹੇ ਜੋ ਕਹੇ ਉਸੇ ਤਰ੍ਹਾਂ ਹੀ ਹੋਵੇ। ਜਿੱਥੇ ਕਿਤੇ ਔਰਤ ਆਪਣੀ ਹੋਂਦ ਜਤਾਉਂਦੀ ਹੈ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਅਣਬਣ ਸ਼ੁਰੂ ਹੋ ਜਾਂਦੀ ਹੈ। ਇਸ ਦਾ ਮੂਲ ਕਾਰਨ ਉਹ ਖ਼ੁਦ ਨਹੀਂ ਸਾਡਾ ਪਰਿਵਾਰਕ ਅਤੇ ਸਮਾਜਿਕ ਢਾਂਚਾ ਜ਼ਿੰਮੇਵਾਰ ਹੈ। ਬੱਚਾ ਪਰਿਵਾਰ ਵਿੱਚੋਂ ਹੀ ਬਹੁਤ ਕੁਝ ਸਿੱਖਦਾ ਜਾਂ ਗ੍ਰਹਿਣ ਕਰਦਾ ਹੈ। ਜਿਸ ਪਰਿਵਾਰ ਵਿੱਚ ਮਰਦ ਮੈਂਬਰ ਔਰਤਾਂ ਨਾਲ ਬਦਸਲੂਕੀ ਕਰਨਗੇ, ਮੰਦਾ ਬੋਲਣਗੇ ਅਤੇ ਬਣਦਾ ਮਾਣ-ਸਤਿਕਾਰ ਨਹੀਂ ਦੇਣਗੇ, ਅਜਿਹੇ ਮਾਹੌਲ ਦਾ ਬੱਚੇ ਦੇ ਮਨ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ।

ਜਦੋਂ ਪਤੀ ਆਪਣੀ ਪਤਨੀ ਦੀ ਗੱਲ-ਗੱਲ 'ਤੇ ਬੇਇੱਜ਼ਤੀ ਕਰੇਗਾ ਜਾਂ ਗਾਲਾਂ ਕੱਢਣ ਵਿੱਚ ਆਪਣੀ ਮਰਦਾਨਗੀ ਸਮਝੇਗਾ ਤਾਂ ਬੱਚੇ ਦੇ ਮਨ ਵਿੱਚ ਵੀ ਔਰਤ ਦੀ ਇੱਜ਼ਤ ਨਾ ਕਰਨਾ ਹੀ ਮਰਦਾਨਗੀ ਦੀ ਪਰਿਭਾਸ਼ਾ ਹੋਵੇਗੀ। ਪਰਿਵਾਰ ਤੋਂ ਬਾਅਦ ਇਹੀ ਬੱਚਾ ਜਦੋਂ ਸਮਾਜ ਵਿੱਚ ਵਿਚਰੇਗਾ ਜੋ ਉਸ ਨੂੰ ਪਰਿਵਾਰ ਤੋਂ ਮਿਲਿਆ ਹੈ, ਉਹੀ ਸਮਾਜ ਨੂੰ ਦੇਵੇਗਾ। ਸਾਡੇ ਸਮਾਜ ਵਿੱਚ ਸਿਰਫ਼ ਮਾਂ ਅਤੇ ਭੈਣ ਦੇ ਰੂਪ ਵਿੱਚ ਤਾਂ ਇੱਜ਼ਤ ਕਰਨੀ ਸਿਖਾਈ ਜਾਂਦੀ ਹੈ, ਪਰ ਔਰਤ ਦੀ ਇੱਜ਼ਤ ਕਰਨੀ ਨਹੀਂ ਸਿਖਾਈ ਜਾਂਦੀ। ਵੈਸੇ ਇਹ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਨਹੀਂ, ਇਹ ਤਾਂ ਆਲੇ-ਦੁਆਲੇ ਦੇ ਮਾਹੌਲ ਤੋਂ ਗ੍ਰਹਿਣ ਕੀਤਾ ਜਾਂਦਾ ਹੈ। ਭਾਵੇਂ ਅੱਜ ਅਸੀਂ ਜਿੰਨਾ ਮਰਜ਼ੀ ਕਹਿ ਲਈਏ ਕਿ ਅਸੀਂ ਮੁੰਡੇ-ਕੁੜੀ ਵਿੱਚ ਕੋਈ ਭੇਦਭਾਵ ਨਹੀਂ ਕਰਦੇ, ਪਰ ਕਈ ਵਾਰ ਅਣਜਾਣੇ ਵਿੱਚ ਅਜਿਹੀਆਂ ਗੱਲਾਂ ਕਰ ਜਾਂਦੇ ਹਾਂ, ਭਾਵੇਂ ਹੁੰਦੀਆਂ ਉਹ ਬਹੁਤ ਛੋਟੀਆਂ ਹਨ, ਪਰ ਭਵਿੱਖ ਵਿੱਚ ਆਪਣਾ ਪ੍ਰਭਾਵ ਜ਼ਰੂਰ ਵਿਖਾਉਂਦੀਆਂ ਹਨ। ਭੇਦਭਾਵ ਦੀ ਗੱਲ ਕੇਵਲ ਉੱਥੇ ਹੀ ਨਹੀਂ ਹੁੰਦੀ ਜਿੱਥੇ ਮੁੰਡਾ ਕੁੜੀ ਹੋਣ। ਉੱਥੇ ਵੀ ਹੁੰਦੀ ਹੈ ਜਿਸ ਪਰਿਵਾਰ ਵਿੱਚ ਕੇਵਲ ਲੜਕੇ ਹੀ ਹੋਣ। ਜਿਵੇਂ ਕਿ ਘਰ ਦੇ ਕੰਮਕਾਰ ਵਿੱਚ ਹੱਥ ਵਟਾਉਣ ਦੀ ਹੀ ਗੱਲ ਹੈ। ਆਮ ਤੌਰ 'ਤੇ ਕਈ ਪਰਿਵਾਰਾਂ ਵਿੱਚ ਮੁੰਡਿਆਂ ਨੂੰ ਘਰ ਦੇ ਕੰਮਾਂ ਤੋਂ ਦੂਰ ਹੀ ਰੱਖਿਆ ਜਾਂਦਾ ਹੈ। ਮਾਪਿਆਂ ਦੇ ਮਨ ਵਿੱਚ ਇਹ ਵਿਚਾਰ ਹੁੰਦਾ ਹੈ ਕਿ ਇਹ ਕੰਮ ਮੁੰਡਿਆਂ ਨੂੰ ਨਹੀਂ ਸ਼ੋਭਦੇ ਜਾਂ ਅਜਿਹਾ ਕਰਨ ਨਾਲ ਉਸਦੇ ਮਰਦਾਨਵੀਂ ਸੁਭਾਅ ਵਿੱਚ ਤਬਦੀਲੀ ਆ ਜਾਵੇਗੀ। ਅੱਜ ਜਦੋਂ ਔਰਤ ਮਰਦ ਦੇ ਬਰਾਬਰ ਬਾਹਰ ਕੰਮ ਕਰ ਰਹੀ ਹੈ ਤਾਂ ਮਰਦ ਦਾ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਤੋਂ ਗੁਰੇਜ਼ ਕਿਉਂ ? ਜੇਕਰ ਪਤੀ ਪਤਨੀ ਦੋਨੋਂ ਨੌਕਰੀ ਪੇਸ਼ਾ ਹਨ, ਜੇ ਘਰ ਦਾ ਕੰਮ ਦੋਨੋਂ ਰਲ ਮਿਲ ਕੇ ਕਰਦੇ ਹਨ ਤਾਂ ਇਸ ਵਿੱਚ ਕੀ ਹਰਜ਼ ਹੈ। ਜਿਸ ਪਰਿਵਾਰ ਵਿੱਚ ਪਿਤਾ ਆਪਣਾ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰੇਗਾ ਤਾਂ ਪੁੱਤਰ ਵੀ ਆਪਣਾ ਕੰਮ ਖ਼ੁਸ਼ੀ-ਖ਼ੁਸ਼ੀ ਕਰੇਗਾ ਜੋ ਕਿ ਬਾਅਦ ਵਿੱਚ ਉਸਦੀ ਆਦਤ ਬਣ ਜਾਂਦੀ ਹੈ। ਅਜਿਹੀ ਆਦਤ ਉਸਨੂੰ ਵਿਦੇਸ਼ਾਂ ਵਿੱਚ ਜੀਵਨ ਜਾਚ ਵਿੱਚ ਸਹਾਇਕ ਹੁੰਦੀ ਹੈ। ਸਾਂਝੇ ਪਰਿਵਾਰਾਂ ਵਿੱਚ ਕਈ ਵਾਰ ਪਤੀ ਚਾਹੁੰਦੇ ਹੋਏ ਵੀ ਪਤਨੀ ਦੀ ਕੰਮਕਾਰ ਵਿੱਚ ਮਦਦ ਕਰਨ ਤੋਂ ਸੰਕੋਚ ਕਰਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਉਸਨੂੰ 'ਜੋਰੂ ਦਾ ਗ਼ੁਲਾਮ' ਦੀ ਉਪਾਧੀ ਦਿੱਤੀ ਜਾਂਦੀ ਹੈ। ਕਈ ਪਰਿਵਾਰਾਂ ਵਿੱਚ ਬਚਪਨ ਦੌਰਾਨ ਮੁੰਡਿਆਂ ਨੂੰ ਗਾਲਾਂ ਕੱਢਣੀਆਂ ਸਿਖਾਈਆਂ ਜਾਂਦੀਆਂ ਹਨ। ਕੀ ਅਜਿਹਾ ਅਸੀਂ ਧੀਆਂ ਨੂੰ ਸਿਖਾਉਂਦੇ ਹਾਂ ? ਪੁੱਤਾਂ ਨੂੰ ਵੀ ਬੋਲਣ, ਉੱਠਣ ਬੈਠਣ, ਪਹਿਨਣ, ਖਾਣ ਪੀਣ, ਨਿਮਰਤਾ, ਹਲੀਮੀ, ਚੱਜ ਵਿਹਾਰ ਉਵੇਂ ਹੀ ਸਿਖਾਉਣਾ ਚਾਹੀਦਾ ਹੈ ਜਿਵੇਂ ਅਸੀਂ ਧੀਆਂ ਨੂੰ ਮੱਤਾਂ ਦਿੰਦੇ ਹਾਂ। ਜੇਕਰ ਅਸੀਂ ਧੀਆਂ ਦਾ ਦੇਰ ਰਾਤ ਘਰ ਆਉਣਾ ਪਸੰਦ ਨਹੀਂ ਕਰਦੇ ਤਾਂ ਪੁੱਤਾਂ ਨੂੰ ਵੀ ਸਮੇਂ ਸਿਰ ਘਰ ਆਉਣ ਦੀ ਤਾਕੀਦ ਕਰਨੀ ਚਾਹੀਦੀ ਹੈ। ਆਮ ਤੌਰ 'ਤੇ ਧੀਆਂ ਲਈ ਦਲੀਲ ਦਿੱਤੀ ਜਾਂਦੀ ਹੈ ਕਿ ਜ਼ਮਾਨਾ ਖ਼ਰਾਬ ਹੈ। ਜ਼ਮਾਨਾ ਖ਼ਰਾਬ ਕਿਸ ਨੇ ਕੀਤਾ ਹੈ। ਅੱਜ ਮਨੁੱਖ ਨੂੰ ਹੀ ਮਨੁੱਖ ਤੋਂ ਭੈਅ ਹੈ ਨਾ ਕਿ ਜੰਗਲੀ ਜਾਨਵਰਾਂ ਤੋਂ। ਭਰੂਣ ਹੱਤਿਆ, ਬਲਾਤਕਾਰ ਵਰਗੇ ਕੁਕਰਮਾਂ ਤੋਂ ਨਿਜਾਤ ਪਾਉਣ ਲਈ ਅੱਜ ਸਾਨੂੰ ਧੀਆਂ ਦੇ ਨਾਲ ਨਾਲ ਪੁੱਤਾਂ ਦੀ ਪਰਵਰਿਸ਼ ਵੱਲ ਵੀ ਧਿਆਨ ਦੇਣਾ ਪਵੇਗਾ। ਆਮ ਤੌਰ 'ਤੇ ਮਰਦਾਂ ਦੇ ਮੂੰਹੋਂ ਇਹ ਸ਼ਬਦ ਆਮ ਹੀ ਸੁਣੇ ਜਾਂਦੇ ਹਨ ਕਿ ਔਰਤਾਂ ਨੂੰ ਅਕਲ ਘੱਟ ਹੁੰਦੀ ਹੈ ਜਾਂ ਕਈ ਕੁਝ ਹੋਰ ਵੀ। ਜਦੋਂ ਕਿ ਔਰਤਾਂ ਕਿਸੇ ਪੱਖੋਂ ਵੀ ਪੱਛੜੀਆਂ ਨਹੀਂ ਹੁੰਦੀਆਂ, ਕੇਵਲ ਮੌਕਿਆਂ ਦੀ ਘਾਟ ਹੁੰਦੀ ਹੈ ਜਾਂ ਸਾਡਾ ਸਮਾਜਿਕ ਢਾਂਚਾ ਇਸ ਲਈ ਜ਼ਿੰਮੇਵਾਰ ਹੁੰਦਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਧੀਆਂ ਹੱਸਣ ਖੇਡਣ ਅਤੇ ਆਪਣੀ ਸੁਤੰਤਰ ਹੋਂਦ ਨਾਲ ਆਪਣਾ ਜੀਵਨ ਜਿਊਣਾ ਹੈ ਤਾਂ ਸਾਨੂੰ ਪੁੱਤਾਂ ਨੂੰ ਸੁਹਜ ਸਲੀਕਾ ਸਿਖਾਉਣਾ ਪਵੇਗਾ। ਪੁੱਤਾਂ ਦੀ ਸ਼ਖ਼ਸੀਅਤ ਅਜਿਹੀ ਬਣਾਓ ਕਿ ਉਹ ਔਰਤ ਦੀ ਹੋਂਦ ਦਾ ਸਤਿਕਾਰ ਕਰਨ, ਉਸਨੂੰ ਨੀਵਾਂ ਨਾ ਸਮਝ ਕੇ ਬਰਾਬਰ ਦਾ ਸਮਝਣ। ਜੇਕਰ ਅਸੀਂ ਚਾਹੁੰਦੇ ਹਾਂ ਕਿ ਧੀਆਂ ਆਜ਼ਾਦੀ ਨਾਲ ਘੁੰਮ ਫਿਰ ਸਕਣ ਤਾਂ ਪੁੱਤਾਂ ਦੀ ਸੋਚ ਵਿੱਚ ਬਦਲਾਅ ਲਿਆਉਣਾ ਪਵੇਗਾ।

# ਸਿਹਤਮੰਦ ਅੱਖਾਂ ਲਈ ਡਾਇਟ 'ਚ ਸ਼ਾਮਲ ਕਰੋ ਇਹ 6 ਫੂਡ





ਬੱਚੇ ਹੋਣ ਜਾਂ ਵੱਡੇ ਅੱਜ ਕੱਲ ਹਰ ਕੋਈ ਹਰ ਸਮੇਂ ਮੋਬਾਇਲ, ਕੰਪਿਊਟਰ ਲੈਪਟਾਪ ਸਕ੍ਰੀਨ ਨੂੰ ਦੇਖਦਾ ਰਹਿੰਦਾ ਹੈ। ਜਿਸ ਦਾ ਸਿੱਧਾ ਅਸਰ ਅੱਖਾਂ @ਤੇ ਪੈਂਦਾ ਹੈ ਅਤੇ ਅੱਖਾਂ ਦੀ ਰੋਸ਼ਨੀ ਕਮਜ਼ੋਰ ਹੋ ਜਾਂਦੀ ਹੈ। ਆਪਣੀ ਇਸ ਆਦਤ @ਤੇ ਕੰਟਰੋਲ ਪਾਉਣ ਦੇ ਨਾਲ-ਨਾਲ ਖਾਣ-ਪੀਣ @ਤੇ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਸਮੇਂ ਰਹਿੰਦੇ ਅੱਖਾਂ ਦੀ ਰੋਸ਼ਨੀ ਨੂੰ ਕਮਜ਼ੋਰ ਹੋਣ @ਤੋਂ ਰੋਕਿਆ ਜਾ ਸਕੇ। ਅੱਜ ਅਸੀਂ ਤੁਹਾਨੂੰ ਅਜਿਹੀਆਂ ਫੂਡਸ ਆਈਟਮਸ ਬਾਰੇ ਦੱਸਾਂਗੇ ਜਿਸ ਦੀ ਮਦਦ ਨਾਲ ਤੁਸੀਂ ਆਪਣੀ ਅੱਖਾਂ ਦੀ ਰੋਸ਼ਨੀ ਨੂੰ ਠੀਕ ਰੱਖ ਸਕਦੇ ਹੋ।

**ਹਰੀਆਂ ਸਬਜ਼ੀਆਂ**

ਆਪਣੀ ਰੋਜ਼ ਦੀ ਡਾਈਟ @ਚ ਹਰੀਆਂ ਸਬਜ਼ੀਆਂ ਸ਼ਾਮਲ ਕਰੋ। ਇਸ @ਚ ਆਇਰਨ ਕਾਫੀ ਮਾਤਰਾ @ਚ ਪਾਇਆ ਜਾਂਦਾ ਹੈ ਜੋ ਕਿ ਅੱਖਾਂ ਲਈ ਕਾਫੀ ਜ਼ਰੂਰੀ ਹੁੰਦਾ ਹੈ। ਇਸ ਨਾਲ ਤੁਹਾਡੀਆਂ ਅੱਖਾਂ ਦੀ ਰੋਸ਼ਨੀ ਠੀਕ ਰਹਿੰਦੀ ਅਤੇ ਤੁਹਾਨੂੰ ਜ਼ਿੰਦਗੀ ਭਰ ਐਨਕ ਦੀ ਲੋੜ ਨਹੀਂ ਪਵੇਗੀ।

**ਗਾਜਰ**

ਗਾਜਰ @ਚ ਵਿਟਾਮਿਨ ਏ ਅਤੇ ਸੀ ਚੰਗੀ ਮਾਤਰਾ @ਚ ਪਾਇਆ ਜਾਂਦਾ ਹੈ ਜੋ ਕਿ ਅੱਖਾਂ ਲਈ ਕਾਫੀ ਫਾਇਦੇਮੰਦ ਹੁੰਦੀ ਹੈ। ਰੋਜ਼ ਇਕ ਗਲਾਸ ਤਾਜ਼ਾ ਗਾਜਰ ਦਾ ਜੂਸ ਪੀਣ ਨਾਲ ਅੱਖਾਂ ਦੀ ਰੋਸ਼ਨੀ ਬਹੁਤ ਹੀ ਜਲਦੀ ਠੀਕ ਹੁੰਦੀ ਹੈ ਅਤੇ ਅੱਖਾਂ @ਤੇ ਲੱਗੀ ਐਨਕ ਉਤਰ ਸਕਦੀ ਹੈ।

**ਬਾਦਾਮ ਦਾ ਦੁੱਧ**

ਬਾਦਾਮ ਵਿਟਾਮਿਨ ਈ ਦਾ ਕਾਫੀ ਚੰਗਾ ਸਰੋਤ ਹੈ। ਹਫਤੇ @ਚ ਘੱਟੋ-ਘੱਟ 3 ਵਾਰ ਦੁੱਧ @ਚ ਬਾਦਾਮ ਪਾ ਕੇ ਪੀਣ ਨਾਲ ਅੱਖਾਂ ਦੀ ਕਿਸੇ ਵੀ ਬੀਮਾਰੀ ਨਾਲ ਲੜਣ ਦੀ ਸਮਰੱਥਾ ਵਧਦੀ ਹੈ।

**ਆਂਡਾ**

ਆਂਡੇ @ਚ ਪਾਇਆ ਜਾਣ ਵਾਲਾ ਅਮੀਨੋ ਐਸਿਡ, ਪ੍ਰੋਟੀਨ, ਸਲਫਰ, ਲੈਕਟਿਨ, ਲਿਊਟਿਨ, ਸਿਸਟੀਨ ਅਤੇ ਵਿਟਾਮਿਨ ਬੀ2 ਸੇਲ ਦਾ ਕੰਮ ਕਰਨ @ਚ ਮਦਦ ਕਰਦਾ ਹੈ।

**ਮੱਛੀ**

ਮੱਛੀ @ਚ ਪਾਇਆ ਜਾਣ ਵਾਲਾ ਪ੍ਰੋਟੀਨ ਨਾ ਸਿਰਫ ਅੱਖਾਂ ਦੇ ਸਗੋ ਵਾਲਾਂ ਲਈ ਵੀ ਕਾਫੀ ਚੰਗਾ ਹੁੰਦਾ ਹੈ।

**ਸੋਇਆਬੀਨ**

ਜੇਕਰ ਤੁਸੀਂ ਨਾਨ-ਵੈੱਜ਼ ਨਹੀਂ ਖਾਂਦੇ ਹੋ ਤਾਂ ਉਸ ਦੀ ਥਾਂ @ਤੇ ਤੁਸੀਂ ਸੋਇਆਬੀਨ ਦੀ ਵਰਤੋਂ ਕਰ ਸਕਦੇ ਹੋ। ਇਸ @ਚ ਨਾਨਵੈੱਜ਼ ਦੇ ਬਰਾਬਰ ਪ੍ਰੋਟੀਨ ਪਾਇਆ ਜਾਂਦਾ ਹੈ।



# ਦਿਲ ਨੂੰ ਸਿਹਤਮੰਦ ਰੱਖਦੀ ਹੈ ਖਜੂਰ, ਖਾਣ ਨਾਲ ਹੋਣਗੇ ਹੋਰ ਵੀ ਲਾਭ



ਖਜੂਰ ਸਵਾਦੀ ਹੋਣ ਦੇ ਨਾਲ-ਨਾਲ ਸਿਹਤਮੰਦ ਵੀ ਹੁੰਦੇ ਹਨ। ਰੋਜ਼ਾਨਾ ਖਜੂਰ ਖਾਣ ਦੇ ਬਹੁਤ ਸਾਰੇ ਫਾਇਦੇ ਹਨ। ਖਜੂਰ 'ਚ ਮਿਨਰਲ, ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ-ਬੀ, ਫਾਈਬਰ, ਮੈਗਨੀਜ਼ ਤੇ ਕਾਪਰ ਦੀ ਮਾਤਰਾ ਵਧੇਰੇ ਪੱਧਰ 'ਤੇ ਪਾਈ ਜਾਂਦੀ ਹੈ। ਖਜੂਰ ਦੀ ਤਸੀਰ ਗਰਮ, ਖਾਣ 'ਚ ਮਿੱਠੀ, ਖ਼ੂਨ ਸਾਫ਼ ਕਰਨ ਵਾਲੀ ਹੁੰਦੀ ਹੈ। ਆਯੁਰਵੈਦ ਪੱਖੋਂ ਖਜੂਰ 'ਚ 70 ਫ਼ੀਸਦੀ ਕੁਦਰਤੀ ਸ਼ੂਗਰ ਹੁੰਦੀ ਹੈ। ਕੁਦਰਤੀ ਰੂਪ ਨਾਲ ਮਿੱਠੀ ਹੋਣ ਕਰਕੇ ਸਰੀਰ ਨੂੰ ਤਤਕਾਲ ਊਰਜਾ ਪ੍ਰਾਪਤ ਹੁੰਦੀ ਹੈ ਅਤੇ ਥਕਾਵਟ ਦੂਰ ਕਰਦੀ ਹੈ। ਗਲੂਕੋਜ ਅਤੇ ਫਰਕਟੋਜ ਦਾ ਖਜਾਨਾ ਖਜੂਰ ਸ਼ੂਗਰ ਲਈ ਸਹਾਇਕ ਹੋਣ ਦੇ ਨਾਲ ਇਮਿਊਨ ਪਾਵਰ ਨੂੰ ਵੀ ਬੂਸਟ ਕਰਦਾ ਹੈ। ਖਜੂਰ ਦਾ ਸੇਵਨ ਦਿਲ ਨਾਲ ਜੁੜੀਆਂ ਪ੍ਰੇਸ਼ਾਨੀਆਂ ਤੋਂ ਬਚਾਵ ਕਰਨ 'ਚ ਬਹੁਤ ਕਾਰਗਾਰ ਸਾਬਤ ਹੁੰਦਾ ਹੈ।

**ਖਜੂਰ ਖਾਣ ਦੇ ਫਾਇਦੇ...**

**1. ਮਜਬੂਤ ਹੱਡੀਆਂ**

ਖਜੂਰ 'ਚ ਸੇਲੇਨਿਅਮ, ਮੈਂਗਨੀਜ ਅਤੇ ਮੈਗਨੇਸ਼ੀਅਮ ਦੀ ਮਾਤਰਾ ਪਾਈ ਜਾਂਦੀ ਹੈ। ਇਹ ਉਹ ਮਿਨਰਲਸ ਹੈ, ਜੋ ਹੱਡੀਆਂ ਨੂੰ ਮਜਬੂਤ ਬਣਾਉਂਦੇ ਹਨ। ਸੇਲੇਨਿਅਮ ਰਿਚ ਹੋਣ ਨਾਲ ਕੈਂਸਰ ਤੋਂ ਮੁਕਤੀ ਵੀ ਮਿਲਦੀ ਹੈ।

**2. ਐਨਰਜੀ**

ਖਜੂਰ 'ਚ ਮੌਜੂਦ ਕੁਦਰਤੀ ਸ਼ੂਗਰ ਉਰਜਾ ਪ੍ਰਦਾਨ ਕਰਦਾ ਹੈ। ਖਜੂਰ 'ਚ ਪਾਏ ਜਾਣ ਵਾਲੇ ਫਾਈਬਰ ਤੁਹਾਨੂੰ ਪੂਰੇ ਦਿਨ ਐਕਟਿਵ ਰੱਖਦੇ ਹਨ। ਪ੍ਰੋਟੀਨ ਦੀ ਮਾਤਰਾ ਪੂਰੀ ਕਰਨ ਲਈ ਖਜੂਰ ਦਾ ਸੇਵਨ ਕਰਨਾ ਬਹੁਤ ਫਾਇਦੇਮੰਦ ਹੈ।

**3. ਅਨੀਮੀਆ ਦੂਰ**

ਖਜੂਰ 'ਚ ਆਇਰਨ ਦੀ ਮਾਤਰਾ ਭਰਪੂਰ ਹੁੰਦੀ ਹੈ, ਜਿਸਦੇ ਨਾਲ ਸਰੀਰ 'ਚ ਹੀਮੋਗਲੋਬਿਨ ਪੱਧਰ ਤੇਜੀ ਨਾਲ ਵਧਦਾ ਹੈ। ਬਹੁਤ ਸਾਰਿਆਂ ਔਰਤਾਂ ਅਤੇ ਬੱਚੇ ਅਕਸਰ ਅਨੀਮੀਆ ਤੋਂ ਪੀੜਤ ਹੁੰਦੇ ਹਨ। ਖਜੂਰ ਇਸ ਸਮੱਸਿਆ ਤੋਂ ਨਿਜਾਤ ਦਵਾਉਣ ਦਾ ਵਧੀਆ ਤਰੀਕਾ ਹੈ। ਇਸ 'ਚ ਕੁਦਰਤੀ ਸ਼ੂਗਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਇਸ ਲਈ ਇਸਦੇ ਸੇਵਨ ਤੋਂ ਬਾਅਦ ਮਿੱਠੇ ਦੀ ਵਰਤੋਂ ਨਾ ਕਰੋ।

**4. ਪਾਚਨ ਪ੍ਰਣਾਲੀ**

ਖਜੂਰ 'ਚ ਘੁਲਣਸ਼ੀਲ ਫਾਈਬਰਸ ਪਾਇਆ ਜਾਂਦਾ ਹੈ। ਇਹ ਪਾਚਨ ਪ੍ਰਣਾਲੀ ਨੂੰ ਚਲਾਉਣ ਲਈ ਬਹੁਤ ਜਰੂਰੀ ਹੈ। ਖਜੂਰ ਦੀ ਵਰਤੋਂ ਰੋਜ਼ਾਨਾ ਕਰਨ ਨਾਲ ਪਾਚਨ ਦੀ ਸਮੱਸਿਆ ਨਹੀਂ ਹੁੰਦੀ। ਇਸ ਨਾਲ ਪੇਟ ਸਬੰਧੀ ਹੋਣ ਵਾਲਿਆਂ ਪਰੇਸ਼ਾਨੀਆਂ ਹੌਲੀ-ਹੌਲੀ ਖਤਮ ਹੋ ਜਾਂਦੀਆਂ ਹਨ।

**5. ਕੋਲੈਸਟ੍ਰਾਲ**

ਖ਼ੂਨ 'ਚ ਕੋਲੈਸਟ੍ਰਾਲ ਵੱਧਣ ਨਾਲ ਦਿਲ ਦੇ ਰੋਗ ਹੋ ਜਾਂਦੇ ਹਨ। ਦਿਲ ਦੇ ਰੋਗ ਹੋਣ ਨਾਲ ਤੁਹਾਡੀ ਜਾਨ ਜਾਣ ਦਾ ਖ਼ਤਰਾ ਵੱਧ ਜਾਂਦਾ ਹੈ । ਖਜੂਰ ਨਾਲ ਤੁਸੀਂ ਆਪਣੇ ਕੋਲੈਸਟ੍ਰਾਲ ਨੂੰ ਸੰਤੁਲਿਤ ਕਰ ਸਕਦੇ ਹਨ।

**6. ਦਿਲ ਨੂੰ ਸੁਰੱਖਿਅਤ ਰੱਖਣ ਲਈ**

ਦਿਲ ਨੂੰ ਸੁਰੱਖਿਅਤ ਰੱਖਣ ਲਈ ਰੋਜਾਨਾ ਖਜੂਰ ਦੀ ਵਰਤੋਂ ਕਰਨੀ ਚਾਹੀਦੀ ਹੈ। 2 ਤੋਂ 3 ਹਫਤੇ ਖਜੂਰ ਦਾ ਲਗਾਤਾਰ ਸੇਵਨ ਕਰਨ ਨਾਲ ਦਿਲ ਪੂਰੀ ਤਰ੍ਹਾਂ ਸੁਰੱਖਿਅਤ ਤੇ ਤੰਦਰੁਸਤ ਹੋ ਜਾਂਦਾ ਹੈ। ਇਸ ਨਾਲ ਰੋਗਾਂ ਦੀ ਸਮੱਸਿਆ ਘੱਟ ਜਾਂਦੀ ਹੈ।

**7. ਗਰਭ ਅਵਸਥਾ ਲਈ**

ਖਜੂਰ ਦਾ ਸੇਵਨ ਗਰਭਵਤੀ ਔਰਤਾਂ ਲਈ ਕਰਨਾ ਬਹੁਤ ਲਾਭਦਾਇਕ ਹੈ। ਖਜੂਰ ਖਾਣ ਨਾਲ ਗਰਭਵਤੀ ਔਰਤ ਨੂੰ ਪ੍ਰਸੂਤ (ਬੱਚੇ ਦੇ ਜਨਮ) ਸਮੇਂ ਹੋਣ ਵਾਲੇ ਦਰਦ 'ਚ ਥੋੜ੍ਹੀ ਰਾਹਤ ਮਿਲਦੀ ਹੈ ਅਤੇ ਔਰਤ ਦੇ ਸਰੀਰ 'ਚ ਦੁੱਧ ਦੀ ਮਾਤਰਾ ਵੀ ਵਧਦੀ ਹੈ।

# ਗੁਰੂ ਨਾਨਕ ਸਾਹਿਬ ਜੀ ਨਿਰਮਲ ਪੰਥ ਦੇ ਬਾਨੀ



ਅੱਜ ਸਾਜਸ਼ ਨੀਤੀਆਂ ਦੁਆਰਾ ਇਸ ਤੱਥ ਨੂੰ ਝੂਠਾ ਦੱਸਣ ਦਾ ਜਤਨ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੋਈ ਵਿਲੱਖਣ ਸਿਧਾਂਤਾਂ ਨੂੰ ਜਨਮ ਦਿੱਤਾ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ ਇੰਨਕਲਾਬ ਦੀ ਨੀਂਹ ਰੱਖੀ ਅਤੇ ਉਸ ਸਮੇਂ ਦੇ ਪ੍ਰਚਲਤ ਧਰਮ ਦੀਆਂ ਪ੍ਰੰਪਰਾਵਾਂ ਨੂੰ ਰੱਦ ਕਰ ਦਿੱਤਾ। ਸਾਜ਼ਸ਼ਕਾਰੀਆਂ ਤੋਂ ਇਲਾਵਾ ਕੁਝ ਉਹ ਲਿਖਾਰੀ ਵੀ ਹਨ ਜੋ ਅਗਿਆਨਤਾ ਕਾਰਨ ਲਿਖ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮ ਧਰਮਾਂ ਦੇ ਚੰਗੇ ਗੁਣਾਂ ਨੂੰ ਅਪਣਾਇਆ। ਇਸ ਪਰਥਾਏ ਡਾਕਟਰ ਤਾਰਨ ਸਿੰਘ ਲਿਖਦੇ ਹਨ ਇਹ ਠੀਕ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਕਈ ਪੱਥ ਵੇਦਾਂ, ਉਪਨਿਸ਼ਦਾਂ ਦੀ ਪ੍ਰੰਪਰਾ ਵਿਚ ਵੇਖੇ ਜਾ ਸਕਦੇ ਹਨ, ਪਰ ਸਿੱਖ ਧਰਮ ਨੇ ਇਕ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਸਨੂੰ ਪਾਪ੍ਰਤ ਕਰਨ ਦਾ ਨਵਾਂ ਰਾਹ ਦੱਸਿਆ।

ਇਹ ਆਖਣਾ ਅਤੇ ਪ੍ਰਵਾਨ ਕਰਨਾ ਪਵੇਗਾ ਕਿ ਗੁਰੂ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ। ਜੋ ਗੁਰੂ ਗੋਬਿੰਦ ਸਿੰਘ ਸਮੇਂ ਖਾਲਸਾ ਪੰਥ ਬਣਿਆ। ਗੁਰੂ ਨਾਨਕ ਦੇਵ ਜੀ ਨੇ ਮਹਾਨ ਗੁਰਮਤਿ ਸੰਦੇਸ਼ ਦੁਆਰਾ ਸਮਾਜ ਅੰਦਰ ਪ੍ਰੀਵਰਤਨ ਲਿਆਂਦਾ ਜਿਨ੍ਹਾਂ ਕਰਕੇ ਹਿੰਦੂ ਤੇ ਇਸਲਾਮ ਧਰਮਾਂ ਉਪਰ ਵੀ ਅਸਰ ਹੋਇਆ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਸਮਾਜ ਦੇ ਸਭ ਵਰਗਾਂ ਦੇ ਲੋਕਾਂ ਹਰਮਨ ਪਿਆਰੀ ਹੋਈ। ਹਰ ਧਰਮ ਨੇ ਉਨ੍ਹਾਂ ਨੂੰ ਆਪਣਾ ਰਹਿਬਰ ਤਸਲੀਮ ਕੀਤਾ ਤੇ ਪੂਰਾ ਸਤਿਕਾਰ ਦਿੱਤਾ। ਇਹ ਲੋਕ ਬੋਲੀ ਇਸ ਤੱਥ ਦੀ ਸਚਾਈ ਨੂੰ ਪ੍ਰਗਟ ਕਰਨ ਲਈ ਗਵਾਹੀ ਭਰਦੀ ਹੈ, ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਮ ਕਾ ਪੀਰ। ਭਾਈ ਗੁਰਦਾਸ ਜੀ ਦੀ ਲਿਖਤ ਵੀ ਦੱਸ ਰਹੀ ਹੈ

,ਘਰ ਘਰ ਬਾਬਾ ਪੂਜੀਏ
ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ
ਚੜਿਆ ਸੂਰਜ ਜਗ ਰੁਸ਼ਨਾਈ॥

ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਅਸਥਾਨ ਤੇ ਤਿੰਨ ਦਿਨ ਅਲੋਪ ਰਹਿਣ ਪਿਛੋਂ ਲੋਕਾਂ ਨੂੰ ਐਲਾਨ ਕਰ ਦਿੱਤਾ ਕਿ ਰੱਬੀ ਹੁਕਮ ਹੈ ਕਿ 'ਨਾ ਕੋਈ ਹਿੰਦੂ , ਨਾ ਕੋਈ ਮੁਸਲਮਾਨ' ਭਾਵ ਇੱਕ ਰੱਬ ਦੇ ਪੁੱਤਰਾਂ ਵਿਚ ਵੰਡੀਆਂ ਨਹੀਂ ਪੈ ਸਕਦੀਆਂ। ਇਹ ਉਸ ਕਾਲ ਅੰਦਰ ਇਕ ਮਹਾਨ ਤੇ ਵਿਲੱਖਣ ਸਿਧਾਂਤ ਸੀ ਅਤੇ ਖੇਰੂੰ ਖੇਰੂ ਹੋਏ ਸਮਾਜ ਲਈ ਅਤਿ ਲੋੜੀਂਦਾ ਸੀ। ਮੁਸਲਮਾਨ ਵਿਦਵਾਨ ਪ੍ਰੋਫੈਸਰ ਮੁਜ਼ੀਬ ਦਾ ਨਿਰਣਾ ਸਪਸ਼ਟ ਹੈ ਜੋ ਆਖ ਰਹੇ ਹਨ ਸ਼ਾਇਦ ਇਕ ਮੁਸਲਮਾਨ ਦਾ ਆਖਣਾ ਅਜ਼ੀਬ ਲਗੇਗਾ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਤੋਂ ਪ੍ਰਭਾਵਿਤ ਨਹੀਂ ਸਨ। ਡਾਕਟਰ ਏਬੈਨਰਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਪ੍ਰੰਪਰਾ ਦਾ ਅਧਿਐਨ ਅਤੇ ਚਿਤ੍ਰਣ ਪੇਸ਼ ਕਰਦੇ ਹੋਏ ਵੀ ਇਕ ਨਵੇਂ ਅਤੇ ਨਿਰਾਲੇ ਮਤ ਦੇ ਬਾਨੀ ਸਨ, ਜੋ ਗੁਰਮਤਿ ਅਤੇ ਉਸਨੂੰ ਮੰਨਣ ਵਾਲਿਆਂ ਲਈ ਸਿੱਖ ਮਤ ਦੇ ਨਾਂ ਨਾਲ ਸਥਾਪਤ ਹੋਇਆ। ਇਸ ਵਿਲੱਖਣ ਮਤ ਦਾ ਸੰਕੇਤ ਗੁਰੂ ਨਾਨਕ ਦੇਵ ਜੀ ਦੇ ਜੋਗੀਆਂ ਨਾਲ ਸੰਵਾਦ ਨੂੰ ਭਾਈ ਗੁਰਦਾਸ ਜੀ ਨੇ ਵਰਨਣ ਕੀਤਾ ਹੈ,

ਜਦੋਂ ਗੁਰੂ ਨਾਨਕ ਦੇਵ ਜੀ ਦਾ (1469 ਙ।ਥ) ਵਿਚ ਆਗਮਨ ਹੋਇਆ, ਉਸ ਵੇਲੇ ਉੱਤਰੀ ਭਾਰਤ ਵਿਚ, ਸਗੋਂ ਦੱਖਣ ਵਿਚ ਵੀ ਇਸਲਾਮੀ ਰਾਜ ਸਥਾਪਤ ਹੋ ਚੁੱਕਾ ਸੀ। ਭਾਰਤੀ ਸਮਾਜ ਦੀ ਦਸ਼ਾ ਨੂੰ ਉਨ੍ਹਾਂ ਨੇ ਆਪਣੀ ਕਲਮ ਦੁਆਰਾ ਇਸ ਤਰ੍ਹਾਂ ਚਿਤਰਿਆ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥

ਗੁਰੂ ਸਾਹਿਬ ਨੇ ਸਮਾਜ ਦਾ ਚਿੱਤਰ ਖਿੱਚਣ ਲੱਗਿਆਂ, ਕੋਈ ਕਾਵਿ ਕਲਪਨਾ ਨਹੀਂ ਕੀਤੀ, ਸਗੋਂ ਅਸਲੀਅਤ ਨੂੰ ਨਿਧੱੜਕ ਹੋਕੇ ਵਰਨਣ ਕੀਤਾ। ਇਸਦੇ ਨਾਲ ਹੀ ਸਮਾਜ ਦੇ ਮੁੱਖ ਆਗੂਆਂ ਦੀ ਕਾਰਗੁਜਾਰੀ ਦੀ ਚੀਰ ਫਾੜ ਕੀਤੀ ਕਿ ਉਨ੍ਹਾਂ ਵਲੋਂ ਸਮੁੱਚੇ ਸਮਾਜ ਦਾ ਉਜਾੜਾ ਕੀਤਾ ਗਿਆ;

ਕਾਦੀ ਕੂੜੁ ਬੋਲਿ ਮਲੁ ਖਾਇ ॥ਬ੍ਰਾਹਮਣੁ ਨਾਵੈ ਜੀਆ ਘਾਇ ॥ਜੋਗੀ ਜੁਗਤਿ ਨ ਜਾਣੈ ਅੰਧੁ ॥ਤੀਨੇ ਓਜਾੜੇ ਕਾ ਬੰਧੁ ॥

ਇਸਤੋਂ ਇਲਾਵਾ ਵਿਦੇਸ਼ੀ ਹਮਲਾਵਰ ਬਾਬਰ ਨੂੰ ਜਾਬਰ ਆਖਣਾ ਜਾਂ ਉਸਦੀ ਫੌਜ਼ ਨੂੰ ਪਾਪ ਦੀ ਜੰਞ ਦਸਣਾ ਕਮਾਲ ਦੀ ਦਲੇਰੀ ਸੀ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਸਮਾਜ ਅੰਦਰ ਜਾਤ-ਵਰਣ ਦੀ ਬੀਮਾਰੀ ਪੂਰੇ ਜੋਰਾਂ ਸ਼ੋਰਾਂ ਤੇ ਸੀ ਅਤੇ ਇਹ ਜਾਤ-ਪਾਤ ਪ੍ਰਣਾਲੀ ਹਿੰਦੂ ਧਰਮ ਦੇ ਕੰਮ ਸਮਝੇ ਜਾਂਦੇ ਸਨ ਅਤੇ ਇਸ ਜਾਤ-ਪਾਤ ਵੰਡ ਵਿਚ ਬ੍ਰਾਹਮਣ ਨੇ ਆਪ ਨੂੰ ਸਭ ਤੋਂ ਉੱਚਾ ਮੰਨਿਆ ਹੈ। ਜਿਥੇ ਮੁਗਲ ਜਾਂ ਇਸਲਾਮ ਧਰਮ ਵਲੋਂ ਹਿੰਦੂਆਂ ਨੂੰ ਕਾਫਰ ਆਖਕੇ ਜੁਲਮ ਤੇ ਅਤਿਆਚਾਰ ਹੋ ਰਿਹਾ ਸੀ, ਉਥੇ ਪੁਜਾਰੀ ਸ਼੍ਰੇਣੀ ਬ੍ਰਾਹਮਣ ਵਲੋਂ ਨੀਵੀਆਂ ਜਾਤਾਂ ਉਪਰ ਘੋਰ ਜ਼ੁਲਮ ਕੀਤਾ ਜਾਂਦਾ ਸੀ। ਸਮਾਜ ਦੇ ਅਨੇਕਾਂ ਤਪੀ ਤੇ ਸਿਧ ਅਖਵਾਉਣ ਵਾਲੇ ਲੋਕ ਪਹਾੜਾਂ ਤੇ ਸਮਾਧੀਆਂ ਲਗਾਕੇ ਤਪ ਕਰਨ ਨੂੰ ਧਰਮ ਸਮਝੀ ਬੈਠੇ ਸਨ ਅਤੇ ਸਮਾਜ ਸੁਧਾਰ ਦੀਆਂ ਜਿੰਮੇਵਾਰੀਆਂ ਤੋਂ ਲਾਂਭੇ ਹੋਕੇ ਛੁਪੇ ਬੈਠੇ ਸਨ। ਭਾਈ ਗੁਰਦਾਸ ਜੀ ਨੇ ਗੁਰੂ ਜੀ ਵਲੋਂ ਆਖੇ ਬੋਲਾਂ ਨੂੰ ਕਲਮ ਬੰਦ ਕੀਤਾ ਗਿਆ ਹੈ,

ਸਿਧ ਛਪ ਬੈਠੇ ਪਰਬਤੀਂ ਕੌਣ
ਜਗ ਕਉ ਪਾਰ ਉਤਾਰਾ॥

ਗੁਰੂ ਨਾਨਕ ਦੇਵ ਜੀ ਨੇ ਅਸਲੀ ਤੇ ਸਾਂਝੇ ਧਰਮ ਦੇ ਸਿਧਾਂਤ ਨੂੰ ਲੋਕਾਈ ਲਈ ਪੇਸ਼ ਕੀਤਾ। ਸਿੱਖ ਧਰਮ ਇਕ ਜੀਵਨ ਜਾਂਚ ਹੈ, ਇਸਦੇ ਪੈਰ ਧਰਤੀ ਤੇ ਹਨ ਅਤੇ ਇਸ ਨਾਲ ਲੋਕ ਭਾਵਨਾ ਜੁੜੀ ਹੋਈ ਹੈ। ਗੁਰੂ ਨਾਨਕ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਨਵੀਆਂ ਧਾਰਮਕ ਪ੍ਰੰਪਰਾਵਾਂ ਦਾ ਪ੍ਰਚਾਰ ਕੀਤਾ ਅਤੇ ਜਾਤ-ਪਾਤ ਪ੍ਰਣਾਲੀ ਦਾ ਖੰਡਨ ਕੀਤਾ, ਬ੍ਰਾਹਮਣ ਦੀ ਸਰਦਾਰੀ ਨੂੰ ਵੀ ਚੈਲੰਜ ਕੀਤਾ ਪਰ ਉਨ੍ਹਾਂ ਵਲੋਂ ਵਿਗੜੇ ਸਮਾਜ ਅੰਦਰ ਕੋਈ ਠੋਸ ਪਰਿਵਰਤਨ ਲਿਆਉਣਾ ਸੰਭਵ ਨਾ ਹੋਇਆ। ਇਨ੍ਹਾਂ ਭਗਤਾਂ ਨੇ ਇਸਲਾਮ ਵਲੋਂ ਹੋ ਰਹੇ ਜ਼ੁਲਮ ਖ਼ਿਲਾਫ ਕੋਈ ਗੱਲ ਨਾ ਕੀਤੀ। ਦੂਸਰਾ, ਇਹ ਸਾਰੇ ਭਗਤ ਦੇਸ਼ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧ ਰੱਖਦੇ ਸਨ, ਜਿਸ ਕਰਕੇ ਸਾਂਝੀ ਯੋਜਨਾਬਧ ਲਹਿਰ ਨਾ ਉਠ ਸਕੀ। ਗੁਰੂ ਨਾਨਕ ਦੇਵ ਜੀ ਨੇ ਇਹ ਦ੍ਰਿੜ ਕਰਾਇਆ ਕਿ ਨਿਰਾ ਸਿਧਾਂਤਾਂ ਨੂੰ ਜਾਣ ਲੈਣਾ ਕਾਫੀ ਨਹੀਂ, ਅਸਲ ਵਿਚ ਸਿਧਾਂਤਾਂ ਨੂੰ ਅਸਲੀ ਜਾਮਾਂ ਪਹਿਨਾਉਣ ਨਾਲ ਹੀ ਜ਼ਿੰਦਗੀ ਬਣ ਸਕਦੀ ਹੈ :

ਗੁਰੂ ਜੀ ਵਲੋਂ ਜੋ ਸਿਧਾਂਤ ਦਿੱਤੇ ਗਏ, ਉਹ ਨਵੇਂ ਤੇ ਵਿਲੱਖਣ ਸਨ ਅਤੇ ਸਰਬ ਸਾਂਝੇ ਸਨ। ਇਨ੍ਹਾਂ ਵਿਚ ਮਨੁੱਖੀ ਸਮਾਨਤਾ ਦਾ ਵਿਚਾਰ ਪ੍ਰਬਲ ਸੀ ਅਤੇ ਊਚ-ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ, ਕਿਉਂਕਿ ਕਿ ਸਾਰੀ ਸ੍ਰਿਸ਼ਟੀ ਦਾ ਸਾਜਣਹਾਰ ਤੇ ਕਰਤਾ ਇਕ ਹੈ ਤੇ ਉਹ ਅਕਾਲ ਪੁਰਖ ਹੈ, ਜੋ ਕਿ ਨਿਰੰਕਾਰ, ਸਰਵ ਵਿਆਪਕ ਹੈ:

ਲੋਕਾਂ ਅੰਦਰ ਸੁਤੰਤਰ ਵਿਚਾਰਧਾਰਾ ਕੋਈ ਨਹੀਂ ਸੀ ਅਤੇ ਉਨ੍ਹਾਂ ਅੰਦਰ ਸੁਤੰਤਰਤਾ ਵਾਲਾ ਗੌਰਵਮਈ ਜੀਵਣ ਜੀਣ ਲਈ ਸਾਹਸ ਭਰ ਦਿੱਤਾ।

ਸਿੱਖ ਲਹਿਰ ਵਿਚ ਸ਼ਾਮਲ ਹੋਣ ਲਈ ਸ਼ਰਤ ਲਗਾਈ :

ਉਦੋਂ ਦੀ ਧਾਰਮਕ ਸ਼ੇਣੀ ਵਲੋਂ ਪ੍ਰਚਲਤ ਕਰਮ ਕਾਡਾਂ ਤੋਂ ਮੁਕਤੀ ਪਾਉਣੀ, ਸਧਾਰਨ ਲੋਕਾਂ ਲਈ ਸੁਖੇਲ ਨਹੀਂ ਸੀ। ਸਭ ਤੋਂ ਪਹਿਲਾਂ ਬ੍ਰਾਹਮਣ ਸ਼੍ਰੇਣੀ ਦੇ ਵਿਰੁੱਧ ਦੋਸ਼ ਸਾਬਤ ਕੀਤੇ। ਧਾਰਮਿਕ ਸ਼੍ਰੇਣੀ ਵਲੋਂ ਇਹ ਵਿਸ਼ਵਾਸ ਲੋਕਾਂ ਦੇ ਮਨਾਂ ਅੰਦਰ ਪਕਾਇਆ ਹੋਇਆ ਸੀ ਕਿ ਮੁਕਤੀ ਪ੍ਰਾਪਤੀ ਦਾ ਮੁੱਖ ਸਮਾਨ ਤੀਰਥ ਭ੍ਰਮਣ ਹੈ, ਪਰ ਗੁਰੂ ਜੀ ਨੇ ਨਵਾਂ ਤੀਰਥਾਂ ਦਾ ਸੰਕਲਪ ਦਿੱਤਾ ਤੇ ਪੁਜਾਰੀ ਸ੍ਰੇਣੀ ਦੀ ਦੁਕਾਨਦਾਰੀ ਨੂੰ ਸੱਟ ਮਾਰੀ :

ਜੋਗ ਮਤ ਵੀ ਭਾਰਤੀ ਸਮਾਜ ਦਾ ਤੀਸਰਾ ਮਤ ਜਾਨਿਆ ਜਾਂਦਾ ਸੀ। ਗੁਰੂ ਨਾਨਕ ਨੇ ਉਨ੍ਹਾਂ ਨਾਲ ਸੋਸ਼ਣ ਕੀਤੀ ਤੇ ਉਨ੍ਹਾਂ ਦੇ ਜੋਗ ਮਤ ਨੂੰ ਅਪ੍ਰਵਾਣ ਕੀਤਾ ਇਸਤਰੀ ਜਾਤੀ ਦੀ ਦੁਰਦਸ਼ਾ ਸੀ ਅਤੇ ਸਮਾਜ ਉਸਾਰੀ 'ਚ ਸਭ ਪੁਰਸ਼ਾਂ ਦਾ ਸੁਧਾਰ ਜ਼ਰੂਰੀ ਸੀ। ਪੁਰਾਤਨ ਮਨੌਤ ਕਿ ਇਸਤਰੀ ਨਿੰਦਣ ਯੋਗ ਹੈ, ਜਾਂ ਮਰਦ ਦੇ ਬਰਾਬਰ ਨਹੀਂ ਨੂੰ ਠੁਕਰਾ ਦਿੱਤਾ :

ਸਮਾਜ ਅੰਦਰ ਕਿਰਤ ਕਰਨ ਤੇ ਵੰਡ ਛਕਣ ਦੇ ਸੰਕਲਪ ਨੂੰ ਮਹੱਤਤਾ ਦਿੱਤੀ। ਨਾਮ ਜਪਨਾ, ਕਿਰਤ ਕਰਨੀ ਤੇ ਵੰਡ ਛਕਣਾ ਦੇ ਮਹਾਨ ਗੁਰਮਤ ਸਿਧਾਤਾਂ ਨੇ ਸਭਿਆਚਾਰਕ ਜੀਵਨ ਵਿੱਚ ਪਰਿਵਰਤਨ ਲਿਆਂਦਾ। ਇਨ੍ਹਾਂ ਅਸੂਲਾਂ ਨੂੰ ਅੱਗੇ ਰੱਖਕੇ ਸਮਾਜਕ ਜੀਵ ਇਕ ਸ੍ਰੇਸ਼ਠ ਇਨਸਾਨ ਬਣ ਸਕਦਾ ਹੈ:

ਜੋ ਕਿਰਤ ਨਹੀਂ ਕਰਦਾ, ਉਹ ਦੂਜਿਆਂ ਤੇ ਨਿਰਭਰ ਹੋਵੇਗਾ, ਮੰਗ ਕੇ ਖਾਵੇਗਾ। ਵਿਹਲਾ ਰਹਿਣਾ ਤੇ ਮੰਗਕੇ ਖਾਣਾ ਸਭ ਤੋਂ ਵੱਡਾ ਸਮਾਜਕ ਭੈੜ ਹੈ। ਜੇਕਰ ਸਮਾਜ ਦੇ ਬਹੁਤ ਲੋਕ ਕਿਰਤ ਨਹੀਂ ਕਰਦੇ ਤਾਂ ਅਜਿਹਾ ਸਮਾਜ ਸਰਬ-ਪੱਖੀ ਤਰੱਕੀ ਨਹੀਂ ਕਰ ਸਕਦਾ। ਇਹੀ ਕਾਰਨ ਸੀ ਕਿ ਸਿੱਖਾਂ ਨੇ ਸੰਸਾਰ ਦੇ ਹਰ ਕੋਨੇ 'ਚ ਘਾਲ ਕਮਾਈ ਤੇ ਕਰੜੀ ਘਾਲਣਾ ਦੁਆਰਾ ਆਪਣੀ ਥਾਂ ਬਣਾਈ। ਪੰਜਾਬ ਦਾ ਹਰਾ ਇੰਨਕਲਾਬ ਅਤੇ ਪਿਛੋਂ ਉਜੜੇ ਹੋਏ ਸਿੱਖਾਂ ਨੂੰ ਧਰਮੀ ਹੋਣ ਨਾਲ ਕਿਰਤ ਕਮਾਈਆਂ ਕਰਕੇ ਖੁਸ਼ਹਾਲੀ ਨੂੰ ਮਾਣਿਆ।

ਰਾਜਸੀ ਚੇਤੰਨਤਾ ਵੀ ਗੁਰੂ ਨਾਨਕ ਦੀ ਦੇਣ ਹੈ। ਗੁਰੂ ਸਾਹਿਬ ਨੂੰ ਜਾਲਮ ਰਾਜਿਆਂ ਦੇ ਜੁਲਮ ਨੂੰ ਨੰਗਾ ਕੀਤਾ ਅਤੇ ਜਨਤਾ ਅੰਦਰ ਜਾਲਮ ਨਾਲ ਟੱਕਰ ਲੈਣ ਲਈ ਹਿੰਮਤ ਭਰੀ। ਉਨ੍ਹਾਂ ਨੇ ਇੱਕ ਚੰਗੇ ਰਾਜੇ ਦਾ ਸੰਕਲਪ ਵੀ ਦਿੱਤਾ, ਗੁਰੂ ਨਾਨਕ ਦੇਵ ਜੀ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਚਹੁੰਦੇ ਸਨ ਜੋ ਗੁਰਮੁੱਖ ਤੇ ਸ੍ਰੇਸ਼ਠ ਪ੍ਰਾਣੀਆਂ ਦਾ ਸਮਾਜ ਹੋਵੇ। ਜਿਥੇ ਹਰ ਕੋਈ ਇਕ ਦੂਜੇ ਦਾ ਭਾਈਵਾਲ ਹੋਵੇ, ਜਿਥੇ ਸਹਿਨਸ਼ੀਲਤਾ ਤੇ ਪਿਆਰ ਹੋਵੇ, ਜਿਥੇ ਭਾਵਨਾਵਾਂ ਸਾਂਝੀਆਂ ਹੋਣ, ਜਿਥੇ ਸਤਿ ਦਾ ਰਾਜ ਹੋਵੇ। ਉਹ ਸਮਾਜ ਜਿਥੇ ਮਨੁੱਖ ਦੀ ਤਰੱਕੀ ਤੇ ਪ੍ਰਫੁਲਤਾ ਲਈ ਕੋਈ ਰੁਕਾਵਟ ਨਾ ਹੋਵੇ। ਇਸ ਸਮਾਜ ਦੇ ਲੋਕ ਜਾਲਮ ਤੇ ਜੁਲਮ ਦਾ ਟਾਕਰਾ ਕਰ ਸਕਣ ਦੇ ਸਮਰਥ ਹੋਣ। ਅਜਿਹੇ ਸਮਾਜ ਵਿਚ ਰਾਜਨੀਤਕ, ਆਰਥਕ, ਸਮਾਜਕ ਤੇ ਧਾਰਮਕ ਲੁੱਟ-ਖਸੁੱਟ ਨਾ ਹੋਵੇ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨਾਂ ਨੇ ਵੀ ਗੁਰੂ ਨਾਨਕ ਸਹਿਬ ਦੇ ਸਥਾਪਤ ਸਿਧਾਤਾਂ ਨੂੰ ਅਸਲੀ ਰੂਪ ਦੇਣ ਦਾ ਜਤਨ ਕੀਤਾ। ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਨਾਨਕ ਨੇ ਸਮਾਜ ਦਾ ਜਿਹੜਾ ਬੀਜ ਬੀਜਿਆ ਸੀ, ਉਹ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀ ਪਲਕ ਨਿਗਰਾਨੀ ਅਧੀਨ ਖਾਲਸਾ ਸੱਤਾ ਦਾ ਇਕ ਵਿਸ਼ਾਲ ਰੁੱਖ ਬਣ ਗਿਆ। ਉੱਤੇ ਤੇ ਸੁੱਚੇ ਸਮਾਜ ਸਿਰਜਨਾ ਦੇ ਸਿਧਾਂਤ ਨੂੰ ਲਾਂਭੇ ਨਹੀਂ ਕੀਤਾ ਗਿਆ, ਸਗੋਂ ਖਾਲਸਫੀ ਸਿਧਾਂਤਾਂ ਨੂੰ ਅੱਗੇ ਤੋਰਣ ਲਈ ਖਾਲਸਾ ਪੰਥ ਦੀ ਸਾਜਣਾ ਹੋਈ, ਪਰ ਅੱਜ ਅਸੀਂ ਮੁੜ ਧਰਮ ਦੇ ਭੇਖ ਨੂੰ ਤਾਂ ਅਪਣਾਇਆ ਹੋਇਆ ਹੈ, ਪਰ ਸੱਚੀ ਧਰਮ ਦੀ ਸਾਧਨਾਂ ਤੋਂ ਕੋਹਾਂ ਦੂਰ ਹਾਂ। ਇਹੀ ਕਾਰਨ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਕੌਮ ਰਾਜਸੀ, ਆਰਥਕ ਤੇ ਧਾਰਮਕ ਲੁੱਟ-ਖਸੁੱਟ ਦੀ ਸ਼ਿਕਾਰ ਬਣੀ ਹੋਈ ਹੈ। ਅੱਜ ਲੋੜ ਹੈ ਗੁਰੂ ਦੇ ਮਹਾਨ ਸਿਧਾਂਤਾਂ ਦੀ ਪਾਲਣਾ ਕਰਕੇ ਗੌਰਵਮਈ ਸਿੱਖੀ ਜੀਵਨ ਜੀਵਿਆ ਜਾਏ।

# ਕਿੰਨੀ ਕੁ ਸਹੀ ਹੈ ਸਮਾਰਟ ਫੋਨਾਂ ਦੀ ਹੋੜ

• ਬਲਕਰਨ ਕੋਟ ਸ਼ਮੀਰ

**ਤਕਨੀਕੀ ਬਾਜ਼ਾਰ ’ਚ ਇਕ ਪਾਸੇ ਤਾਂ ਹਰ ਕੋਈ ਵਕਤ ਨਾ ਹੋਣ ਦੀ ਦੁਹਾਈ ਪਾ ਰਿਹਾ ਹੈ, ਦੂਜੇ ਪਾਸੇ ਅਸੀਂ ਸਮਾਰਟ ਫੋਨਾਂ ’ਤੇ ਆਪਣਾ ਕਿੰਨਾ ਕਿੰਨਾ ਸਮਾਂ ਅਜਾਈਂ ਗੁਆ ਦਿੰਦੇ ਹਾਂ...**

ਕੋਈ ਸਮਾਂ ਸੀ ਜਦੋਂ ਲੋਕੀ ਆਪਣੀ ਸੁੱਖ ਸਾਂਦ ਦਾ ਪਤਾ ਪਿੰਡ ’ਚੋਂ ਕਿਸੇ ਦੇ ਰਿਸ਼ਤੇਦਾਰੀ ’ਚ ਮਿਲਣ ਜਾਣ ਵੇਲੇ ਹੀ ਭੇਜ ਦਿੰਦੇ ਸੀ ਕਿ ਕਹਿ ਦੇਣਾ ਭਾਈ ਸਭ ਸੁਖ ਸਾਂਦ ਹੈ। ਦੂਸਰੇ ਪਾਸੇ ਦੀ ਸੁੱਖ ਸਾਂਦ ਵਾਪਸ ਆ ਕੇ ਉਨ੍ਹਾਂ ਨੂੰ ਦੇ ਦਿੱਤੀ ਜਾਂਦੀ ਸੀ। ਅਤਿ ਦਰਦ ਵਾਲੇ ਸੁਨੇਹੇ ਕੁਝ ਦੇਰ ਨਾਲ ਪਹੁੰਚਣ ਕਾਰਨ ਉਹ ਆਪਣਾ ਦਰਦ ਘਟਾ ਦਿੰਦੇ ਜਾਂ ਵਿਚਾਲੇ ਸੁਨੇਹਾ ਲਿਆਉਣ ਵਾਲੇ ਲੋਕ ਸਹਿਜ ਸਿਆਣਪ ਵਾਲੇ ਹੋਣ ਕਰਕੇ ਗੱਲ ਕਰਨ ਵੇਲੇ ਸੋਚ ਸਮਝ ਤੋਂ ਕੰਮ ਲੈਂਦੇ ਸਨ। ਸ਼ਾਇਦ ਏਸੇ ਲਈ ਉਸ ਵਕਤ ਕਿਸੇ ਚਿਹਰੇ ’ਤੇ ਅੱਜ ਵਾਂਗੂ ਤਣਾਅ ਨਹੀਂ ਸੀ ਹੁੰਦਾ। ਬੇਸ਼ੱਕ ਤਕਨਾਲੋਜੀ ਨੇ ਸਾਡੀਆਂ ਸੁਵਿਧਾਵਾਂ ਬਹੁਤ ਵਧਾਈਆਂ ਹਨ ਅਤੇ ਇਨਸਾਨੀ ਜ਼ਿੰਦਗੀ ਨੂੰ ਬਿਹਤਰੀਨ ਕੀਤਾ ਹੈ। ਘੰਟਿਆਂ ’ਚ ਹੋਣ ਵਾਲਾ ਕੰਮ ਮਿੰਟਾਂ, ਸਕਿੰਟਾਂ ’ਚ ਕਰਨਾ ਸਿਖਾ ਦਿੱਤਾ ਹੈ। ਅਨਜਾਣ ਰਾਹਾਂ ’ਤੇ ਕਿਸੇ ਤੋਂ ਰਾਹ ਪੁੱਛਣ ਦੀ ਖੇਚਲ ਵੀ ਨਹੀਂ ਕਰਨੀ ਪੈਂਦੀ। ਗੂਗਲ ਮੈਪ ’ਚੋਂ ਹੀ ਸਾਰਾ ਰਸਤਾ, ਦੂਰੀ, ਦਿਸ਼ਾਵਾਂ ਲੱਭ ਲਈਆਂ ਜਾਂਦੀਆਂ ਹਨ। ਕੀ ਛੋਟਾ ਕੀ ਵੱਡਾ, ਅੱਜ ਕੱਲ੍ਹ ਹਰ ਇਕ ਦੇ ਹੱਥ ਵਿਚ ਤੁਹਾਨੂੰ ਸਮਾਰਟ ਫੋਨ ਨਜ਼ਰ ਆਵੇਗਾ। ਬੇਸ਼ੱਕ ਅਸੀਂ ਇਕ ਸਮਾਰਟ ਫੋਨ ਦੇ ਅੱਧੇ ਫਕੰਸ਼ਨ ਵੀ ਵਰਤੋਂ ’ਚ ਨਹੀਂ ਲਿਆ ਸਕਦੇ ਪਰ ਫੇਰ ਵੀ ਰੀਸੋ ਰੀਸ ਮਹਿੰਗੇ ਮਹਿੰਗੇ ਫੋਨ ਰੱਖਣਾ ਇਕ ਫੈਸ਼ਨ ਬਣ ਗਿਆ। ਦੂਸਰੀ ਗੱਲ ਇਕ ਸਮਾਰਟ ਫੋਨ ਜੋ ਮਾਰਕੀਟ ਵਿਚ ਅੱਜ ਆ ਗਿਆ 2 ਮਹੀਨੇ ਬਾਅਦ ਕੰਪਨੀ ਉਸੇ





ਹੈਂਡਸੈੱਟ ਦੀ ਕੀਮਤ ਲਗਪਗ ਅੱਧੀ ਕਰ ਦਿੰਦੀ ਹੈ ਜਾਂ ਫੇਰ 2 ਜਾਂ 3 ਮਹੀਨਿਆਂ ਬਾਅਦ ਓਹੀ ਕੰਪਨੀ ਓਨੇ ਹੀ ਫੰਕਸਨ ਵਾਲਾ ਤੇ ਕਈ ਗੁਣਾ ਵੱਧ ਕੀਮਤ ਵਾਲਾ ਹੈਂਡ ਸੈਟ ਪੇਸ਼ ਕਰ ਦਿੰਦੀ ਹੈ ਜਿਸ ਨਾਲ ਵੀ ਆਮ ਲੋਕ ਖਾਹਮਖ਼ਾਹ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਦੇ ਹਨ। ਕਹਿਣ ਦਾ ਭਾਵ ਸਮਾਰਟ ਫੋਨ ਖਰੀਦਣ ਲਈ ਮੱਲੋਜ਼ੋਰੀ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਖ਼ਰੀਦ ਕੇ ਹਰ ਕੋਈ ਆਪਣੀ ਸ਼ਾਨ ਵਧਾਉਣੀ ਚਾਹੁੰਦਾ ਹੈ। ਜੇ ਕੋਈ ਟਾਵਾਂ ਟਾਵਾਂ ਇਹ ਸਭ ਕਾਸੇ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਉਸਦੇ ਸੰਗੀ ਸਾਥੀ ਉਸਨੂੰ ਤਾਹਨੇ ਕੱਸ ਕੱਸ ਕੇ ਇਸ ਹੱਦ ਤੱਕ ਮਜਬੂਰ ਕਰ ਦਿੰਦੇ ਹਨ ਕਿ ਉਸ ਨੂੰ ਨਾ ਚਾਹੁੰਦਿਆਂ ਜਾਂ ਬਿਨਾਂ ਲੋੜ ਤੋਂ ਵੀ ਉਨ੍ਹਾਂ ਦਾ ਮੂੰਹ ਮੱਥਾ ਰੱਖਣ ਲਈ ਖਰੀਦ ਕੇ ਖਹਿੜਾ ਛੁਡਾਉਣਾ ਪੈਂਦਾ ਹੈ। ਫਿਰ ਉਸਦੇ ਸਾਥੀ ਉਸਦਾ ਨਵਾਂ ਹੈਂਡਸੈੱਟ ਆਪਣੇ ਹੱਥਾਂ ਵਿਚ ਫੜ੍ਹ ਕੇ ਆਖਣਗੇ, ਹੁਣ ਬਣੀ ਨਾ ਗੱਲ, ਐਵੇਂ ਹੀ ਨਿਕੰਮਾ ਜਿਹਾ ਸੈਟ ਚੱਕੀ ਫਿਰਦਾ ਸੀ। ਹੁਣ ਵਧੀਆ ਆਪਾਂ ਚੈਟ ਕਰਿਆ ਕਰਾਂਗੇ। ਅਸੀਂ ਤੈਨੂੰ ਬਹੁਤ ਵਧੀਆ ਵੀਡੀਓ ਤੇ ਪਿਕ ਭੇਜਿਆ ਕਰਾਂਗੇ। ਅੰਦਰੋਂ ਹਮਾਤੜ ਤਮਾਤੜ ਸੋਚਣ ਲੱਗਦਾ ਹੈ ਕਿ ਆਹੀ ਪੈਸੇ ਦਾ ਉਪਯੋਗ ਬੱਚੇ ਦੀ ਫੀਸ ਭਰਨ ਲਈ ਕੀਤਾ ਹੁੰਦਾ, ਚੰਗਾ ਹੁੰਦਾ। ਕੰਮ ਤਾਂ ਮੇਰਾ ਪੁਰਾਣੇ ਮੋਬਾਈਲ ਨਾਲ ਵੀ ਚੱਲੀ ਜਾਂਦਾ ਸੀ। ਚਲੋ ਹੁਣ ਫਸ ਗਈ ਤਾਂ ਫਟਕਣ ਕੀ। ਮਾਰਕੀਟ ਵਿਚ ਹਰ ਰੋਜ਼ ਜੋ ਧੜਾ-ਧੜ ਮੋਬਾਈਲ ਵਿਕ ਰਿਹਾ ਹੈ ਕੀ ਇਸ ਦੀ ਏਨ੍ਹੀ ਜ਼ਰੂਰਤ ਹੈ ? ਜੇ ਗਹੁ ਨਾਲ ਦੇਖਿਆ ਜਾਵੇ ਤਾਂ ਸਮਾਰਟ ਫੋਨਾਂ ਦੇ ਇਸ ਵਧਦੇ ਰੁਝਾਨ ਨੇ ਆਮ ਘਰਾਂ ਵਿਚ ਪੁਆੜੇ ਪੁਆ ਕੇ ਰੱਖੇ ਹੋਏ ਹਨ। ਮੀਆਂ ਬੀਬੀ ਸਾਰਾ ਸਾਰਾ ਦਿਨ ਇਕ ਦੂਸਰੇ ਨਾਲ ਖ਼ਫ਼ਾ ਰਹਿੰਦੇ ਹਨ। ਨੌਜਵਾਨ ਪੀੜ੍ਹੀ ਇਸਦੇ ਜ਼ਰੀਏ ਰਾਹੋਂ ਕੁਰਾਹੇ ਪਈ ਹੋਈ ਹੈ। ਨੌਜਵਾਨਾਂ ਦੀ ਵਿਗੜ ਰਹੀ ਮਾਨਸਿਕ ਸਥਿਤੀ ਅਤੇ ਵਧ ਰਹੀ ਅਪਰਾਧਕ ਪ੍ਰਵਿਰਤੀ ਏਸੇ ਦੀ ਦੇਣ ਹੈ। ਵੱਡੇ ਪੱਧਰ ’ਤੇ ਸਮੇਂ ਦੀ ਬਰਬਾਦੀ ਦਾ ਮੁੱਢ ਇਨ੍ਹਾਂ ਹੈਂਡਸੈਟਾਂ ਦੀ ਵਰਤੋਂ ਨੇ ਬੰਨ੍ਹਿਆ ਹੈ ਕਿਉਂ ਕਿ ਨੌਜਵਾਨ ਪੀੜ੍ਹੀ ਘੰਟਿਆਂ ਬੱਧੀ ਫੇਸਬੁੱਕ, ਵੱਟਸਐਪ ’ਤੇ ਅੱਖਾਂ ਟਿਕਾ ਕੇ ਮਗਨ ਹੋਈ ਰਹਿੰਦੀ ਹੈ। ਜ਼ਰੂਰੀ ਕੰਮਾਂ ਅਤੇ ਪੜ੍ਹਨ ਦਾ ਸਮਾਂ ਵੀ ਏਸੇ ਦੀ ਭੇਟ ਚੜ੍ਹ ਜਾਂਦਾ ਹੈ। ਜਵਾਨੀ ਦਾ ਇਹ ਸਮਾਂ ਅਤਿ ਸੁਨਹਿਰੀ ਅਤੇ ਚੰਗੇ ਭਵਿੱਖ ਦਾ ਸਿਰਜਕ ਹੋ ਸਕਦਾ ਹੈ, ਜੋ ਚੈਟ ਕਰਨ ’ਚ ਬਤੀਤ ਹੋ ਜਾਂਦਾ ਹੈ। ਵਕਤ ਬੀਤ ਜਾਣ ’ਤੇ ਨਾ ਬੀਤਿਆ ਸਮਾਂ ਲੱਭਦਾ ਹੈ ਤੇ ਨਾ ਚੈਟ ਕਰਨ ਵਾਲੇ ਦੋਸਤ। •









# ਫੈਸ਼ਨੇਬਲ ਲਾਖ ਦੀਆਂ ਚੂੜੀਆਂ

ਲਾਖ ਦੀਆਂ ਚੂੜੀਆਂ ਸੁਹਾਗ ਦਾ ਚਿੰਨ ਕੱਚ ਅਤੇ ਮੈਟਲ ਦੀਆਂ ਚੂੜੀਆਂ ਦਾ ਚਲਨ ਤਾਂ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਤਾਂ ਲਾਖ ਦੀਆਂ ਚੂੜੀਆਂ ਹੀ ਪਹਿਨੀਆਂ ਜਾਂਦੀਆਂ ਸਨ। ਅੱਜ ਫਿਰ ਤੋਂ ਲਾਖ ਦੀਆਂ ਚੂੜੀਆਂ ਆਪਣੇ ਨਵੇਂ ਫੈਸ਼ਨਬਲ ਰੂਪ ਵਿਚ ਔਰਤਾਂ ਨੂੰ ਲੁਭਾਉਣ ਲਈ ਬਜ਼ਾਰ ਦੀ ਰੌਣਕ ਬਣ ਕੇ ਆਈਅ ਹਨ।



## ਕੀ ਹੈ ਮਾਨਤਾ

ਵਿਆਹੁਤਾ ਔਰਤ ਦੀਆਂ ਸੁੰਨੀਆਂ ਬਾਹਵਾਂ ਹਮੇਸ਼ਾਂ ਹੀ ਅਪਸ਼ਗਨ ਮੰਨਿਆ ਗਿਆ ਹੈ। ਹਿੰਦੂਆਂ ਵਿਚ ਕਈ ਵੱਡੇ ਤੀਜ ਤਿਉਹਾਰਾਂ ਤੇ ਸੁਹਾਗਣਾ ਲਈ ਲਾਖ ਦੀਆਂ ਚੂੜੀਆਂ ਪਹਿਨਣਾ ਲਾਜ਼ਮੀ ਮੰਨਿਆ ਗਿਆ ਹੈ। ਹਿੰਦੂ ਧਰਮ ਵਿਚ ਨਵ ਵਿਆਹੁਤਾ ਲੜਕੀ ਨੂੰ ਆਪਣੇ ਬਾਬਲ ਦੇ ਘਰ ਤੋਂ ਲਾਖ ਦੀਆਂ ਚੂੜੀਆਂ ਪਾ ਕੇ ਵਿਦਾ ਕੀਤਾ ਜਾਂਦਾ ਹੈ ਜੋ ਉਸ ਲੇ ਸਵਾ ਮਹੀਨਾ ਤੱਕ ਪਹਿਨਣੀਆਂ ਹੁੰਦੀਆਂ ਹਨ। ਔਰਤ ਦਾ ਗੁੱਟ ਜੇ ਚੂੜੀਆਂ ਨਾਲ ਭਰਿਆ ਹੋਵੇ ਤਾਂ ਉਸ ਦੀ ਖ਼ੂਬਸੂਰਤੀ ਹੋਰ ਵੀ ਵੱਧ ਜਾਂਦੀ ਹੈ। ਸੁਹਾਗ ਦਾ ਪ੍ਰਤਕੀ ਹੋਣ ਦੇ ਨਾਲ ਨਾਲ ਇਹ ਚੂੜੀਆਂ ਔਰਤਾਂ ਨੂੰ ਆਪਣੀ ਸੰਸਕ੍ਰਿਤੀ ਅਤੇ ਪਰੰਪਰਾ ਨਾਲ ਜੋੜੀ ਰੱਖਦੀਆਂ ਹਨ।

## ਵਰਾਇਟੀ ਅਤੇ ਰੇਂਜ

ਲਾਖ ਦੀਆਂ ਚੂੜੀਆਂ ਹੁਣ ਫੈਸ਼ਨੇਬਲ ਰੂਪ ਵਿਚ ਢਲਦੀਆਂ ਜਾ ਰਹੀਆਂ ਹਨ। ਅੱਜ ਬਾਜ਼ਾਰ ਵਿਚ ਕਈ ਵਰਾਇਟੀਆਂ ਅਤੇ ਰੇਂਜ ਦੀਆਂ ਲਾਖ ਦੀਆਂ ਚੂੜੀਆਂ ਚਲਨ ਵਿਚ ਹਨ ਜਿਨ੍ਹਾਂ ਵਿਚੋਂ ਖਰੇ ਨਗ ਦੀਆਂ ਚੂੜੀਆਂ ਸਭ ਤੋਂ ਮਹਿੰਗੀਆਂ ਵਿਕਣ ਵਾਲੀਆਂ ਚੂੜੀਆਂ ਹਨ। ਇਨ੍ਹਾਂ ਚੂੜੀਆਂ ਵਿਚ ਪੱਕੇ ਨਗ ਲਗਾਏ ਜਾਂਦੇ ਹਨ ਜਿਨ੍ਹਾਂ ਦੀ ਚਮਕ ਕਈ ਸਾਲਾਂ ਤੱਕ ਬਰਕਰਾਰ ਰਹਿੰਦੀ ਹੈ। ਖਰੇਨਗ ਦੀਆਂ ਚੂੜੀਆਂ ਦੀ ਕੀਮਤ ਲਗਭਗ 300 ਰੁਪਏ ਤੋਂ ਲੈ ਕੇ 1500 ਰੁਪਏ ਤੱਕ ਹੁੰਦੀ ਹੈ। ਫੈਸ਼ਨ ਦੇ ਰੰਗ ਵਿਚ ਢਲਣ ਕਰਕੇ ਲਾਖ ਮੈਟਲ ਦੀਆਂ ਚੂੜੀਆਂ ਦੀ ਵੀ ਬਾਜ਼ਾਰ ਵਿਚ ਭਰਮਾਰ ਹੈ। ਇਨ੍ਹਾਂ ਚੂੜੀਆਂ ਵਿਚ ਮੈਟਲ ਦੀ ਚੌੜੀ ਰਿੰਗ ਤੇ ਲਾਖ, ਕੱਚ ਅਤੇ ਡਾਇਮੰਡ ਦੀ ਕਾਰੀਗਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਚੂੜੀਆਂ ਅੱਜਕਲ ਔਰਤਾਂ ਨੂੰ ਬਹੁਤ ਪਸੰਦ ਆ ਰਹੀਆਂ ਹਨ।

## ਕੀ ਹੈ ਲਾਖ

ਲਾਖ ਇਕ ਤਰ੍ਹਾਂ ਜੀਵ ਵੱਲੋਂ ਮਲ ਪਦਾਰਥ ਦੇ ਰੂਪ ਵਿਚ ਤਿਆਰ ਕੀਤਾ ਗਿਆ ਪਦਾਰਥ ਹੁੰਦਾ ਹੈ ਜਿਸ ਨੂੰ ਸੋਧ ਕੇ ਇਸ ਦੀ ਸੁੰਦਰ ਸੁੰਦਰ ਚੂੜੀਆਂ ਬਣਾਈਆਂ ਜਾਂਦੀਆਂ ਹਨ। ਇਹ ਜੀਵ ਪੀਪਲ, ਧਾਵੜਾ ਅਤੇ ਖਾਖਰੇ ਦੇ ਦਰਖਤਾਂ 'ਤੇ ਪਾਇਆ ਜਾਂਦਾ ਹੈ।

ਇਥੋਂ ਦੀਅ ਹਨ ਮਸ਼ਹੂਰ ਚੂੜੀਆਂ

ਮਾਲਾਵਾਂਚਲ ਦੇ ਆਦਿਵਾਸੀ ਇਲਾਕਿਆਂ ਦੀਆਂ ਔਰਤਾਂ ਵੱਲੋਂ ਤਿਆਰ ਲਾਖ ਦੀਆ ਚੂੜੀਆਂ ਖਾਸ ਤੌਰ 'ਤੇ ਪਸੰਦ ਕੀਤੀਆਂ ਜਾਂਦੀਆਂ ਹਨ। ਮਾਲਵਾਂਚਲ ਵਿਚ ਕੰਦਸੋਰ, ਉਜੈਨ ਤੇ ਰਤਲਾਮ ਦੀ ਲਾਖ ਦੀ ਚੂੜੀ ਬਹੁਤ ਮਸ਼ਹੂਰ ਹੈ।





# ਨਾਸ਼ਤੇ ਨਾਲ ਦਿਨ ਦਾ ਸਵਾਗਤ

ਬਹੁਤ ਸਾਰੀਆਂ ਔਰਤਾਂ ਨਾਸ਼ਤਾ ਨਹੀਂ ਕਰਦੀਆਂ। ਜੇ ਕਰਦੀਆਂ ਵੀ ਹਨ ਤਾਂ ਇਹ ਪੌਸ਼ਟਿਕ ਨਹੀਂ ਹੁੰਦਾ, ਜਿਸ ਕਾਰਨ ਉਨ੍ਹਾਂ ਨੂੰ ਅਨੇਕਾਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ...

ਕੀ ਤੁਸੀਂ ਪੌਸ਼ਟਿਕ ਨਾਸ਼ਤਾ ਕਰਦੇ ਹੋ ਜਾਂ ਮਹਿਜ਼ ਚਾਹ ਦਾ ਕੱਪ ਅਤੇ ਇਕ ਅੱਧ ਬ੍ਰੈਡ ਪੀਸ ਨਾਲ ਹੀ ਦਿਨ ਦੀ ਸ਼ੁਰੂਆਤ ਕਰਦੇ ਹੋ ? ਜੇ ਅਜਿਹਾ ਹੈ ਤਾਂ ਤੁਹਾਡੀ ਸਵੇਰੇ ਨੂੰ ਸਿਹਤਮੰਦ ਨਹੀਂ ਕਿਹਾ ਜਾ ਸਕਦਾ। ਦਿਨ ਦਾ ਸਵਾਤ ਜੇ ਪੌਸ਼ਟਿਕ ਨਾਸ਼ਤੇ ਨਾਲ ਹੋਵੇ ਤਾਂ ਸਿਹਤ ਸਬੰਧੀ ਸਮੱਸਿਆਵਾਂ ਦਾ ਘੱਟ ਸਾਹਮਣਾ ਕਰਨਾ ਪੈਂਦਾ ਹੈ।

ਬਹੁਤ ਸਾਰੀਆਂ ਔਰਤਾਂ ਸਵੇਰੇ ਵੇਲੇ ਨਾਸ਼ਤਾਂ ਨਹੀਂ ਕਰਦੀਆਂ, ਜੇ ਕਰਦੀਆਂ ਵੀ ਹਨ ਤਾਂ ਇਹ ਹਲਕਾ ਫੁਲਕਾ ਹੁੰਦਾ ਹੈ। ਪੌਸ਼ਟਿਕ ਨਹੀਂ। ਜੇ ਤੁਸੀਂ ਅਜਿਹਾ ਕਰ ਦੇ ਹੋ ਤਾਂ ਤੁਹਾਨੂੰ ਅੱਜ ਹੀ ਨਾਸ਼ਤੇ ਦੀ ਰੁਟੀਨ ਬਦਲ ਦੇਣੀ ਚਾਹੀਦੀ ਹੈ, ਕਿਉਂਕਿ ਨਾਸ਼ਤੇ ਨੂੰ ਪੌਸ਼ਟਿਕ ਨਾ ਰੱਖਣ ਕਾਰਨ ਖਾਸ ਕਰਕ ਔਰਤਾਂ ਨੂੰ ਵੱਡੀ ਉਮਰ ਵਿਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਵਿਗਿਆਨਕ ਨਜ਼ਰੀਆ:

ਡਿਨਰ ਅਤੇ ਨਾਸ਼ਤੇ ਦਰਮਿਆਨ 10 ਤੋਂ 12 ਘੰਟੇ ਦਾ ਅੰਤਰ ਹੋਣ ਕਾਰਨ ਸਵੇਰੇ ਵੇਲੇ ਨਾਸ਼ਤਾ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਉਹ ਵੀ ਸੰਤੁਲਤ ਅਤੇ ਪੌਸ਼ਟਿਕ।

ਜਾਗਣ ਤੋਂ ਬਾਅਦ ਜਿਵੇਂ ਜਿਵੇਂ ਰੁਝੇਂਵੇਂ ਵੱਧਦੇ ਹਨ ਸਰੀਰ ਨੂੰ ਵਧੇਰੇ ਊਰਜਾ ਦੀ ਲੋੜ ਪੈਂਦੀ ਹੈ। ਇਸ ਲਈ ਜੇ ਨਾਸ਼ਤਾ ਪੌਸ਼ਟਿਕ ਨਹੀਂ ਹੋਵੇਗਾ ਤਾਂ ਨਾਸ਼ਤਾ ਨਾ ਕੀਤਾ ਜਾਵੇ ਤਾਂ ਸਰੀਰ ਦੀ ਪਾਚਨ ਪ੍ਰਕਿਰਿਆ ਮੱਠੀ ਪੈ ਜਾਂਦੀ ਹੈ ਅਤੇ ਬਲੱਡ ਸ਼ੂਗਰ ਦਾ ਪੱਧਰ ਹੇਠਾਂ ਆ ਜਾਂਦਾ ਹੈ। ਉਠਣ ਤੋਂ ਬਾਅਦ 10 ਤੋਂ 12 ਵਜੇ ਤੱਕ ਸਾਡੀਆਂ ਗਤੀਵਿਧੀਆ ਨਾਲ ਪਾਚਨ ਪ੍ਰਕਿਰਿਆ ਵੀ ਤੇਜ਼ ਹੁੰਦੀ ਜਾਂਦੀ ਹੈ। ਇਹੀ ਕਾਰਨ ਹੈ ਕਿ ਜੇ ਨਾਸ਼ਤਾ ਨਾ ਕੀਤਾ ਜਾਵੇ ਤਾਂ ਇਸ ਵੇਲੇ ਬਹੁਤ ਤੇਜ ਭੁੱਖ ਲੱਗਦੀ ਹੈ। ਇਸ ਲਈ ਨਾਸ਼ਤਾ ਕਰਨਾ ਸਰੀਰ ਲਈ ਬੇਹੱਦ ਫਾਇਦੇਮੰਦ ਹੈ ਅਤੇ ਸਾਨੂੰ ਲੰਮੇ ਸਮੇਂ ਲਈ ਊਰਜਾ ਦਿੰਦਾ ਹੈ। ਸਵੇਰੇ ਨਿਰਨੇ ਕਾਲਜੇ ਚਾਹ ਪੀਣ ਨਾਲ ਸਾਡੀ ਪਾਚਨ ਪ੍ਰਕਿਰਿਅ ਪ੍ਰਭਾਵਤ ਹੁੰਦੀ ਹੈ ਅਤੇ ਐਸਿਡ ਪੈਦਾ ਹੋਣ ਦੀਆਂ ਸੰਭਾਵਾਵਾਂ ਵੱਧ ਜਾਂਦੀਆਂ ਹਨ।

ਨਹੀਂ ਆਉਂਦਾ ਮੋਟਾਪਾ : ਆਮ ਤੌਰ 'ਤੇ ਔਰਤਾਂ ਦੀ ਧਾਰਨਾ ਹੈ ਕਿ ਨਾਸ਼ਾ ਕਰਨ ਨਾਂਲ ਉਹ ਮੋਟਾਂਪੇ ਦੀਆਂ ਸ਼ਿਕਾਰ ਹੋ ਸਕਦੀਆਂ ਹਨ, ਜਦਕਿ ਸਿਹਤ ਵਿਗਿਆਨੀਆਂ ਦਾ ਮੰਨਣਾ ਹੈ ਕਿ ਜਿਹੜੀਆਂ ਔਰਤਾਂ ਸਵੇਰੇ ਨਾਸ਼ਤਾ ਕਰਦੀਆਂ ਹ, ਉਹ ਮੋਟਾਪੇ ਦੀਆਂ ਘੱਟ ਸ਼ਿਕਾਰ ਹੁੰਦੀਆਂ ਹਨ ਕਿਉਂਕਿ ਸਵੇਰੇ ਵੇਲੇ ਨਾਸ਼ਤਾ ਕਰਨ ਨਾਲ ਇਸ ਦਾ ਇਕ ਵੱਡਾ ਹਿੱਸਾ ਸਰੀਰ ਨੂੰ ਊਰਜਾ ਪ੍ਰਦਾਨ ਕਰਨ ਵਿਚ ਖਰਚ ਹੋ ਜਾਂਦਾ ਹੈ। ਜੇ ਨਾਸ਼ਤਾ ਨਾ ਕਰਕੇ ਤੁਸੀਂ ਸਿੱਧਾ ਭੋਜਨ ਕਰਦੇ ਹੋ ਤਾਂ ਲੰਮੇ ਅਰਸੇ ਬਾਅਦ ਭੋਜਨ ਕਰਨ ਕਰਕੇ ਭੁੱਖ ਵਧੇਰੇ ਲੱਗੀ ਹੁੰਦੀ ਹੈ ਅਤੇ ਖਾਧਾ ਪੀਤਾ ਵੀ ਵਧੇਰੇ ਜਾਂਦਾ ਹੈ। ਵੱਧ ਖਾਣ ਨਾਲ ਵਾਧੂ ਤੱਤ ਸਰੀਰ ਵਿਚ ਜਮ੍ਹਾ ਹੋ ਕੇ ਮੋਟਾਂਪੇ ਦਾ ਕਾਰਨ ਬਣਦੇ ਹਨ ਮਾਹਿਰਾਂ ਅਨੁਸਾਰ ਸਵੇਰੇ ਵੇਲੇ ਭਰਪੇਟ ਨਾਸ਼ਤਾ ਕਰੋ ਜਦਕਿ ਸ਼ਾਮ ਜਾਂ ਰਾਤ ਦਾ ਭੋਜਨ ਹਲਕਾ ਹੋਣਾ ਚਾਹੀਦਾ ਹੈ।

**ਮਾਨਸਿਕ ਪ੍ਰਭਾਵ**

ਸਵੇਰੇ ਵੇਲੇ ਪੌਸ਼ਟਿਕ ਨਾਸ਼ਤਾ ਲੈਣ ਨਾਲ ਸਰੀਰ ਅਤੇ ਦਿਮਾਗ ਨੂੰ ਉਚਿਤ ਮਾਤਰਾ ਵਿਚ ਊਰਜਾ ਮਿਲਣ ਕਾਰਨ ਚਿੜਚਿੜਾਪਣ, ਥਕਾਵਟ ਅਤੇ ਸੁਤੀ ਨੇੜੇ ਨਹੀਂ ਆਉਂਦੇ, ਜਦਕਿ ਨਾਸ਼ਤਾ ਨਾ ਕਰਨ ਕਰਕੇ ਲੰਮੇ ਸਮੇਂ ਤੱਕ ਕੱਟੀ ਗਈ ਇਹ ਭੁੱਖ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਕਮੀ ਲੈ ਆਉਂਦੀ ਹ ਜਿਸ ਨਾਲ ਮਾਨਸਿਕ ਉਲਝਣਾ, ਸੁਸਤੀ, ਥਕਾਵਅ ਆਦਿ ਹਾਵੀ ਹੁੰਦੀਆਂ ਜਾਂਦੀਆਂ ਹਨ। ਸਿਹਤ ਮਾਹਿਰਾਂ ਅਨੁਸਾਰ ਭਾਰਤੀ ਔਰਤ ਜ਼ਿਆਦਾਤਰ ਅਨੀਮੀਆ ਦਾ ਸ਼ਿਕਾਰ ਹੁੰਦੀਆਂ ਹਨ, ਇਸ ਲਈ ਸਰੀਰ ਨੂੰ ਉਚਿਤ ਮਾਤਰਾ ਵਿਚ ਆਇਰਨ ਦੀ ਲੋੜ ਹੁੰਦੀ ਹੈ। ਇਹ ਲੋੜ ਸੰਤੁਲਨ ਨਾਸ਼ਤੇ ਨਾਲ ਪੂਰੀ ਕੀਤੀ ਜਾ ਸਕਦੀ ਹੈ।

# ਪੰਜਾਬੀ ਫ਼ਿਲਮ 'ਹੌਂਸਲਾ ਰੱਖ' ਐਮਾਜ਼ੋਨ ਪ੍ਰਾਈਮ ਵੀਡੀਓ 'ਤੇ ਹੋਈ ਰਿਲੀਜ਼

ਐਮਾਜ਼ੋਨ ਪ੍ਰਾਈਮ ਵੀਡੀਓ ਨੇ 24 ਨਵੰਬਰ, 2021 ਨੂੰ ਭਾਰਤ ਤੇ 240 ਦੇਸ਼ਾਂ 'ਚ ਦਿਲਜੀਤ ਦੋਸਾਂਝ ਸਟਾਰਰ ਬਹੁਤ ਚਰਚਿਤ ਫ਼ਿਲਮ 'ਹੌਂਸਲਾ ਰੱਖ' ਨੂੰ ਰਿਲੀਜ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਅਮਰਜੀਤ ਸਿੰਘ ਸਰੋਨ ਵਲੋਂ ਨਿਰਦੇਸ਼ਿਤ ਇਹ ਫ਼ਿਲਮ ਪਿਓ-ਪੁੱਤ ਦੇ ਰਿਸ਼ਤੇ ਦੇ ਨਾਲ-ਨਾਲ ਮਾਡਰਨ ਦਿਨਾਂ ਦੇ ਰਿਸ਼ਤੇ 'ਤੇ ਸਥਾਪਿਤ ਇਕ ਰੋਮਾਂਟਿਕ ਕਾਮੇਡੀ ਫ਼ਿਲਮ ਹੈ, ਜਿਸ 'ਚ ਸ਼ਹਿਨਾਜ਼ ਗਿੱਲ ਤੇ ਸੋਨਮ ਬਾਜਵਾ ਵੀ ਮੁੱਖ ਭੂਮਿਕਾ 'ਚ ਹਨ। ਇਕ ਫ਼ਿਲਮ ਨਿਰਮਾਤਾ ਦੇ ਰੂਪ 'ਚ ਦਿਲਜੀਤ ਦੋਸਾਂਝ ਦੀ ਸ਼ੁਰੂਆਤ ਨੂੰ ਦਰਸਾਉਂਦਿਆਂ 'ਹੌਂਸਲਾ ਰੱਖ' ਨੂੰ ਸਿਨੇਮਾਘਰਾਂ 'ਚ ਜ਼ਬਰਦਸਤ ਪ੍ਰਤੀਕਿਰਿਆ ਮਿਲ ਰਹੀ ਹੈ, ਜਿਸ ਨਾਲ ਇਹ ਅੱਜ ਤਕ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫ਼ਿਲਮ ਬਣ ਗਈ ਹੈ। ਥਿੰਦ ਮੋਸ਼ਨ ਫ਼ਿਲਮਜ਼ ਐਂਡ ਸਟੋਰੀ ਟਾਈਮ ਪ੍ਰੋਡਕਸ਼ਨਜ਼ ਦੇ ਬੈਨਰ ਹੇਠ ਦਲਜੀਤ ਥਿੰਦ ਵਲੋਂ ਸਾਂਝੇ ਤੌਰ 'ਤੇ ਫ਼ਿਲਮ ਦਾ ਨਿਰਮਾਣ ਕੀਤਾ ਗਿਆ ਹੈ।



ਕੈਨੇਡਾ ਦੇ ਵੈਨਕੂਵਰ ਦੀ ਪਿੱਠ ਭੂਮੀ 'ਤੇ ਬਣੀ 'ਹੌਂਸਲਾ ਰੱਖ' ਦੀ ਕਹਾਣੀ ਇਕ ਪਿਆਰੇ ਜਿਹੇ ਪੰਜਾਬੀ ਵਿਅਕਤੀ ਦੀ ਹੈ, ਜੋ ਇਕ ਸਿੰਗਲ ਪਿਤਾ ਵੀ ਹੈ, ਜਿਸ ਦੀ ਜ਼ਿੰਦਗੀ ਉਸ ਦੇ 7 ਸਾਲ ਦੇ ਬੇਟੇ ਦੇ ਆਲੇ-ਦੁਆਲੇ ਘੁੰਮਦੀ ਹੈ। ਇਹ ਸਭ ਉਦੋਂ ਤਕ ਠੀਕ ਚੱਲਦਾ ਹੈ, ਜਦੋਂ ਤਕ ਕਿ ਉਹ ਆਪਣੇ ਪੁੱਤਰ ਲਈ ਇਕ ਮਾਂ ਨੂੰ ਲੱਭਣ ਦਾ ਫ਼ੈਸਲਾ ਨਹੀਂ ਕਰਦਾ ਹੈ ਤੇ ਸੰਯੋਗ ਨਾਲ ਉਸ ਦੀ ਮੁਲਾਕਾਤ ਆਪਣੀ ਐਕਸ ਨਾਲ ਹੋ ਜਾਂਦੀ ਹੈ, ਜੋ 7 ਸਾਲਾਂ ਬਾਅਦ ਸ਼ਹਿਰ 'ਚ ਵਾਪਸ ਆਈ ਹੈ। ਕਾਮੇਡੀ ਤੇ ਦਿਲ ਨੂੰ ਛੂਹ ਲੈਣ ਵਾਲੇ ਪਲਾਂ ਨਾਲ ਭਰਪੂਰ 'ਹੌਂਸਲਾ ਰੱਖ' ਮਾਡਰਨ ਦਿਨਾਂ ਦੇ ਰਿਸ਼ਤਿਆਂ 'ਤੇ ਇਕ ਮਨੋਰੰਜਕ ਫ਼ਿਲਮ ਹੈ। ਐਮਾਜ਼ੋਨ ਪ੍ਰਾਈਮ ਵੀਡੀਓ ਨਾਲ ਸਹਿਯੋਗ 'ਤੇ ਕੁਮੈਂਟ ਕਰਦਿਆਂ ਦਿਲਜੀਤ ਦੋਸਾਂਝ ਨੇ ਕਿਹਾ, ''ਹੌਂਸਲਾ ਰੱਖ' ਬਹੁਤ ਸਾਰੇ ਕਾਰਨਾਂ ਕਰਕੇ ਖ਼ਾਸ ਹੈ। ਇਹ ਨਾ ਸਿਰਫ ਇਕ ਨਿਰਮਾਤਾ ਦੇ ਰੂਪ 'ਚ ਮੇਰੀ ਸ਼ੁਰੂਆਤ ਨੂੰ ਦਰਸਾਉਂਦੀਹੈ, ਸਗੋਂ ਮਨੁੱਖੀ ਭਾਵਨਾਵਾਂ ਦੀ ਇਕ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਵੀ ਦੱਸਦੀ ਹੈ, ਜੋ ਦਰਸ਼ਕਾਂ ਨਾਲ ਤਾਲਮੇਲ ਬਿਠਾਉਣ 'ਚ ਸਫਲ ਰਹੇਗੀ। ਮੈਨੂੰ ਇਸ ਫ਼ਿਲਮ ਲਈ ਐਮਾਜ਼ੋਨ ਪ੍ਰਾਈਮ ਵੀਡੀਓ ਨਾਲ ਸਹਿਯੋਗ ਕਰਨ ਤੇ ਇਸ ਖ਼ੂਬਸੂਰਤ ਕਹਾਣੀ ਨੂੰ ਦੁਨੀਆ ਭਰ ਦੇ ਦਰਸ਼ਕਾਂ ਨੂੰ ਵਿਆਪਕ ਵਿਸਥਾਰ ਤਕ ਲਿਜਾਣ ਤੇ ਉਨ ਾਂ ਨੂੰ ਆਪਣੀ ਸੁਵਿਧਾ ਤੇ ਆਪਣੇ ਘਰਾਂ ਦੇ ਆਰਾਮ 'ਚ ਇਸ ਦਾ ਆਨੰਦ ਲੈਣ ਦਾ ਮੌਕਾ ਦਿੰਦਿਆਂ ਖ਼ੁਸ਼ੀ ਹੋ ਰਹੀ ਹੈ।'ਫ਼ਿਲਮ ਦੇ ਗਲੋਬਲ ਡਿਜੀਟਲ ਪ੍ਰੀਮੀਅਰ ਦੀ ਉਡੀਕ ਕਰਦਿਆਂ ਨਿਰਮਾਤਾ ਦਲਜੀਤ ਥਿੰਦ ਨੇ ਕਿਹਾ, 'ਸਿਨੇਮਾਹਾਲ 'ਚ ਫ਼ਿਲਮ ਦੇਖਣ ਵਾਲੇ ਦਰਸ਼ਕਾਂ ਨੇ ਫ਼ਿਲਮ ਨੂੰ ਪਸੰਦ ਕੀਤਾ ਹੈ ਤੇ ਇਕ ਨਿਰਮਾਤਾ ਦੇ ਰੂਪ 'ਚ ਇਹ ਸਭ ਤੋਂ ਵਧੀਆ ਅਹਿਸਾਸ ਹੈ। ਮੈਂ ਐਮਾਜ਼ੋਨ ਪ੍ਰਾਈਮ ਵੀਡੀਓ 'ਤੇ 'ਹੌਂਸਲਾ ਰੱਖ' ਦੀ ਰਿਲੀਜ਼ ਨਾਲ ਖ਼ੁਸ਼ ਹਾਂ ਤੇ ਮੈਨੂੰ ਉਮੀਦ ਹੈ ਕਿ ਫ਼ਿਲਮ ਨੇ ਹੁਣ ਤਕ 240 ਦੇਸ਼ਾਂ ਤੇ ਖੇਤਰਾਂ 'ਚ ਵੀ ਆਪਣਾ ਪਿਆਰ ਤੇ ਖ਼ੁਸ਼ੀ ਫੈਲਾਉਣਾ ਜਾਰੀ ਰੱਖਣਾ ਹੈ।'



# ਐਂਜਲੀਨਾ ਜੋਲੀ ਕਹੇ ਜਾਣ 'ਤੇ ਈਸ਼ਾ ਗੁਪਤਾ ਨੂੰ ਆਉਂਦੈ ਗੁੱਸਾ

ਅੱਜ ਬਾਲੀਵੁੱਡ ਅਦਾਕਾਰਾ ਈਸ਼ਾ ਗੁਪਤਾ ਦਾ ਜਨਮਦਿਨ ਹੈ। ਉਸ ਨੇ ਫਿਲਮ ਜੰਨਤ ਨਾਲ ਬਾਲੀਵੁੱਡ @ਚ ਡੈਬਿਊ ਕੀਤਾ ਸੀ। ਈਸ਼ਾ ਗੁਪਤਾ 36 ਸਾਲ ਦੀ ਹੋ ਗਈ ਹੈ। ਉਸਦਾ ਜਨਮ 28 ਨਵੰਬਰ 1985 ਨੂੰ ਦਿੱਲੀ ਚ ਹੋਇਆ ਸੀ। ਈਸ਼ਾ ਗੁਪਤਾ ਨੂੰ ਜਦੋਂ ਪਹਿਲੀ ਵਾਰ ਲੋਕ ਦੇਖਦੇ ਤਾਂ ਹਾਲੀਵੁੱਡ ਅਦਾਕਾਰਾ ਐਂਜਲੀਨਾ ਜੋਲੀ ਨਾਲ ਉਸਦੀ ਤੁਲਨਾ ਕੀਤੀ ਜਾਂਦੀ ਸੀ।

ਮਹੇਸ਼ ਭੱਟ ਨੇ ਈਸ਼ਾ ਗੁਪਤਾ ਨੂੰ ਕਿਹਾ ਸੀ ਐਂਜਲੀਨਾ ਜੋਲੀ ਵਰਗਾ ਈਸ਼ਾ ਗੁਪਤਾ ਨੂੰ ਦੇਖ ਕੇ ਕਈ ਵਾਰ ਲੋਕਾਂ ਨੂੰ ਇਹ ਭੁਲੇਖਾ ਪੈ ਜਾਂਦਾ ਹੈ ਕਿ ਉਹ ਐਂਜਲੀਨਾ ਜੋਲੀ ਵਰਗੀ ਲੱਗਦੀ ਹੈ। ਈਸ਼ਾ ਗੁਪਤਾ ਨੂੰ ਬਾਲੀਵੁੱਡ ਨਿਰਮਾਤਾ ਮਹੇਸ਼ ਭੱਟ ਨੇ ਐਂਜਲੀਨਾ ਜੋਲੀ ਦੱਸਿਆ ਸੀ।

**ਐਂਜਲੀਨਾ ਜੋਲੀ ਬਾਰੇ ਦੱਸਦਿਆਂ ਈਸ਼ਾ ਗੁਪਤਾ ਨੇ ਕਿਹਾ ਸੀ, ਮੈਨੂੰ ਲੱਗਦਾ ਹੈ ਕਿ ਮੈਂ ਆਪਣੀ ਮਾਂ ਵਰਗੀ ਲੱਗਦੀ ਹਾਂ।**

ਇਸ ਬਾਰੇ ਜਦੋਂ ਈਸ਼ਾ ਗੁਪਤਾ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ, ਮੈਨੂੰ ਅਜਿਹਾ ਬਿਲਕੁਲ ਨਹੀਂ ਲੱਗਦਾ। ਕੁਝ ਸਮਾਂ ਪਹਿਲਾਂ ਮੈਂ ਤੁਹਾਡੀ ਤਸਵੀਰ ਦੇਖੀ ਅਤੇ ਮੈਂ ਸੋਚਿਆ ਕਿ ਠੀਕ ਹੈ, ਕੁਝ ਚੀਜ਼ਾਂ ਇਕੋ ਜਿਹੀਆਂ ਹਨ।ਈਸ਼ਾ ਗੁਪਤਾ ਦੇ ਅਨੁਸਾਰ, ਉਹ ਆਪਣੀ ਮਾਂ ਵਰਗੀ ਲੱਗਦੀ ਹੈ। ਐਂਜਲੀਨਾ ਜੋਲੀ ਬਾਲੀਵੁੱਡ ਦੀ ਪਸੰਦੀਦਾ ਅਤੇ ਬਹੁਤ ਮਸ਼ਹੂਰ ਅਦਾਕਾਰਾ ਹੈ।

ਗਰੀਬਾਂ ਦੀ ਐਂਜਲੀਨਾ ਜੋਲੀ ਕਹੇ ਜਾਣ @ਤੇ ਚੜ੍ਹਦੈ ਗੁੱਸਾ

ਐਂਜਲੀਨਾ ਜੋਲੀ ਬਾਰੇ ਦੱਸਦਿਆਂ ਈਸ਼ਾ ਗੁਪਤਾ ਨੇ ਕਿਹਾ ਸੀ, ਮੈਨੂੰ ਲੱਗਦਾ ਹੈ ਕਿ ਮੈਂ ਆਪਣੀ ਮਾਂ ਵਰਗੀ ਲੱਗਦੀ ਹਾਂ। ਐਂਜਲੀਨਾ ਜੋਲੀ ਹਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਹੈ ਪਰ ਮੈਨੂੰ ਗਰੀਬਾਂ ਦੀ ਐਂਜਲੀਨਾ ਜੋਲੀ ਕਹੇ ਜਾਣ @ਤੇ ਗੁੱਸਾ ਆਉਂਦਾ ਹੈ। ਮੈਂ ਜੋ ਵੀ ਹਾਂ ਮੇਰੇ ਮਾਤਾ-ਪਿਤਾ ਕਾਰਨ ਹਾਂ।

ਈਸ਼ਾ ਗੁਪਤਾ ਨੇ 2007 @ਚ ਮਿਸ ਇੰਡੀਆ ਇੰਟਰਨੈਸ਼ਨਲ ਦਾ ਐਵਾਰਡ ਜਿੱਤਿਆ ਹੈ। ਈਸ਼ਾ ਗੁਪਤਾ ਨੇ @ਰੁਸਤਮ@,@ਬਾਦਸ਼ਾਹੋ@ ਅਤੇ @ਕਮਾਂਡੋ 2@ @ਚ ਕੰਮ ਕੀਤਾ ਹੈ। ਈਸ਼ਾ ਗੁਪਤਾ ਨੇ ਹਾਲ ਹੀ @ਚ ਆਪਣੀਆਂ ਟੌਪਲੈੱਸ ਤਸਵੀਰਾਂ ਸਾਂਝੀਆਂ ਕੀਤੀ ਸੀ ਜੋ ਬਹੁਤ ਤੇਜ਼ੀ ਨਾਲ ਵਾਇਰਲ ਹੋਈਆਂ ਸਨ।

# ਫ਼ਿਲਮ 'ਬੱਬਰ', ਪੋਸਟਰ ਕੀਤਾ ਸਾਂਝਾ




ਅੰਮ੍ਰਿਤ ਮਾਨ ਸਟਾਰਰ ਫ਼ਿਲਮ 'ਬੱਬਰ' ਕਈ ਦਿਨਾਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪਹਿਲਾਂ ਸੰਗੀਤ ਨਿਰਦੇਸ਼ਕ ਦੇਸੀ ਕਰਿਊ ਨਾਲ ਕਲਾਕਾਰ ਦੇ ਸਹਿਯੋਗ ਕਾਰਨ ਤੇ ਫਿਰ ਇਸ ਦੇ ਟਾਈਟਲ ਕਰਕੇ। ਦੱਸ ਦੇਈਏ ਕਿ ਅੰਮ੍ਰਿਤ ਮਾਨ ਦੀ ਇਸ ਫ਼ਿਲਮ ਦਾ ਪਹਿਲਾਂ ਨਾਂ 'ਹਾਕਮ' ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਬਾਅਦ 'ਚ ਨਿਰਮਾਤਾਵਾਂ ਨੇ ਫ਼ਿਲਮ ਦਾ ਨਾਂ ਬਦਲ ਕੇ 'ਬੱਬਰ' ਰੱਖਣ ਦਾ ਫ਼ੈਸਲਾ ਕੀਤਾ।

ਦਿ ਬੰਬ ਬੀਟਸ ਤੇ ਦੇਸੀ ਕਰਿਊ ਦਾ ਇਹ ਇੱਕਠਿਆਂ ਪਹਿਲਾ ਪ੍ਰੋਡਕਸ਼ਨ ਪ੍ਰਾਜੈਕਟ ਹੈ, ਜੋ 11 ਮਾਰਚ, 2022 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗਾ। ਅਮਰ ਹੁੰਦਲ ਵਲੋਂ ਡਾਇਰੈਕਟ ਤੇ ਲਿਖੀ ਗਈ ਇਸ ਫ਼ਿਲਮ 'ਚ ਅੰਮ੍ਰਿਤ ਮਾਨ ਲੀਡ ਰੋਲ 'ਚ ਨਜ਼ਰ ਆਉਣਗੇ। ਹਾਲ ਹੀ 'ਚ ਰਿਲੀਜ਼ ਹੋਈ 'ਵਾਰਨਿੰਗ' ਵੀ ਇਸ ਸਮੇਂ ਬਾਕਸ ਆਫਿਸ 'ਤੇ ਜਾਦੂ ਚਲਾ ਰਹੀ ਹੈ।

'ਬੱਬਰ' ਇਕ ਐਕਸ਼ਨ-ਡਰਾਮਾ ਫ਼ਿਲਮ ਹੋਵੇਗੀ, ਇਸ ਦਾ ਅੰਦਾਜ਼ਾ ਅਦਾਕਾਰ ਵਲੋਂ ਸਾਂਝੇ ਕੀਤੇ ਗਏ ਫ਼ਿਲਮ ਦੇ ਪੋਸਟਰ ਤੋਂ ਲੱਗਦਾ ਹੈ। ਅੰਮ੍ਰਿਤ ਮਾਨ ਦੇ ਕਿਰਦਾਰ ਦੀ ਤਾਜ਼ਾ ਝਲਕ ਉਸ ਵਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਤਾਜ਼ਾ ਪੋਸਟ 'ਚ ਵੀ ਦੇਖੀ ਜਾ ਸਕਦੀ ਹੈ।

# ਰਿਤਿਕ ਇਕ ਕੰਪਲੀਟ ਹੀਰੋ ਹਨ : ਸਿਧਾਰਥ ਆਨੰਦ



ਸਿਧਾਰਥ ਆਨੰਦ ਤੇ ਰਿਤਿਕ ਰੌਸ਼ਨ ਸੁਪਰਹਿੱਟ 'ਵਾਰ' ਤੋਂ ਬਾਅਦ ਐਕਸ਼ਨ ਡਰਾਮਾ 'ਫਾਈਟਰ' ਲਈ ਇਕ ਵਾਰ ਫਿਰ ਆਨਸਕ੍ਰੀਨ ਪਾਰਟਨਰ ਬਣਨ ਲਈ ਤਿਆਰ ਹਨ।

ਗੱਲਬਾਤ ਦੌਰਾਨ ਸਿਧਾਰਥ ਆਨੰਦ ਨੇ ਰਿਤਿਕ ਰੌਸ਼ਨ ਨਾਲ ਕੰਮ ਕਰਨ ਬਾਰੇ ਖੁੱਲ ਕੇ ਗੱਲਬਾਤ ਕੀਤੀ ਤੇ ਉਨ ਾਂ ਨੂੰ ਕੀ ਬੈਸਟ ਬਣਾਉਂਦਾਹੈ, ਇਸ ਬਾਰੇ ਵੀ ਗੱਲ ਕੀਤੀ ਹੈ।

ਸਿਧਾਰਥ ਆਨੰਦ ਨੇ ਕਿਹਾ ਕਿ ਰਿਤਿਕ ਰੌਸ਼ਨ ਇਕ ਕੰਪਲੀਟ ਹੀਰੋ ਹਨ। ਸੱਚ 'ਚ ਇਕ ਨਿਰਦੇਸ਼ਕ ਆਪਣੇ ਅਦਾਕਾਰ ਤੋਂ ਹੋਰ ਕੁਝ ਨਹੀਂ ਮੰਗ ਸਕਦਾ ਹੈ, ਜੋ ਰਿਤਿਕ ਤੁਹਾਨੂੰ ਨਹੀਂ ਦੇ ਸਕਦੇ ਹਨ।

ਮੈਨੂੰ ਲੱਗਦਾ ਹੈ ਕਿ ਤੁਹਾਨੂੰ ਅਸਲ 'ਚ ਆਪਣੇ ਆਪ ਨੂੰ ਚੈਲੰਜ ਦੇਣਾ ਹੋਵੇਗਾ ਤੇ ਹਰ ਵਾਰ ਕੁਝ ਨਵਾਂ ਲੈ ਕੇ ਆਉਣਾ ਹੋਵੇਗਾ ਤੇ ਸੈੱਟ 'ਤੇ ਹਰ ਘੰਟੇ ਉਨ ਾਂ ਦੀ ਸਮਰੱਥਾ ਦੀ ਵਰਤੋਂ ਕਰ ਸਕਦੇ ਹਾਂ, ਜੋ ਮੈਨੂੰ ਲੱਗਦਾ ਹੈ ਕਿ ਸਾਡੇ 'ਚੋਂ ਕੋਈ ਵੀ ਹੁਣ ਤਕ ਨਹੀਂ ਕਰ ਪਾਇਆ ਹੈ ਤੇ ਇਹ ਸਾਡੇ ਲਈ ਇਕ ਚੁਣੌਤੀ ਹੈ।

The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York

***Regular Poojas' and Homas' are conducted on daily basis:***

***Special Poojas:***


*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***<u>Functions of the space:</u>***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**